# ਸਾਂਝੀ ਵਿਰਾਸਤ

ਅੰਕ 55 ਜਿਲਦ 5 1-ਸਾਵਣ 558 (16 ਜੁਲਾਈ 2026)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

## ਵਿਸ਼ਾ ਸੂਚੀ (1-ਸਾਵਣ 558 / ਜੁਲਾਈ 2026 ਅੰਕ)


| | | | |
|---|---|---|---|
| 1 | ਸੰਪਾਦਕੀ ਨੋਟ | ਸੰਪਾਦਕ | 3 |
| 2 | ਬਾਰਹ ਮਾਹਾ **ਤੁਖਾਰੀ** ਦਾ ਪਾਠ, ਵਿਆਖਿਆ ਤੇ ਕਾਵਿਕ ਵਿਅਖਿਆ | ਪ੍ਰੋਫੈਸਰ ਮਨਿੰਦਰ ਸਿੰਘ, ਇੰਜ. ਕਰਮਜੀਤ ਸਿੰਘ ਨੂਰ | 4 |
| 3 | ਬਾਰਹ ਮਾਹਾ ਮਾਝ ਦਾ ਪਾਠ, ਵਿਆਖਿਆ ਅਤੇ ਕਾਵਿਕ ਵਿਆਖਿਆ | ਇੰਜ. ਕਰਮਜੀਤ ਸਿੰਘ ਨੂਰ | 6 |
| 4 | ਨੌਂਵੇ ਨਾਨਕ ਦੀ ਬਾਣੀ ਵੈਰਾਗਮਈ ਹੈ?: ਭਾਗ 1 | ਸ. ਕਰਮਜੀਤ ਸਿੰਘ | 8 |
| 5 | Excerpts from Multiple Award-Winning Book: Living While Human | Sardarni Arwinder Kaur | 12 |
| 6 | ਕੈਲੀਗਰਾਫੀ | ਸਰਦਾਰਨੀ ਮਨਿੰਦਰ ਕੌਰ | 14 |
| 7 | ਸ਼ਹੀਦ ਭਾਈ ਤਾਰੂ ਸਿੰਘ ਜੀ | ਸਰਦਾਰਨੀ ਗੁਰਦੀਸ਼ ਕੌਰ | 15 |
| 8 | ਭਾਈ ਮਨੀ ਸਿੰਘ ਸ਼ਹੀਦ | ਸਰਦਾਰਨੀ ਗੁਰਦੀਸ਼ ਕੌਰ | 16 |
| 9 | ਧੂੰਏਂ ਦੇ ਵਿਚਕਾਰ | ਸਰਦਾਰਨੀ ਜਸਪ੍ਰੀਤ ਕੌਰ | 17 |
| 10 | ਗੁਰੂ ਹਰਿ ਰਾਏ ਸਹਿਬ - ਬਖਸ਼ਸ਼ਾਂ: ਭਾਗ 2 | ਡਾ. ਕਾਬਲ ਸਿੰਘ | 21 |
| 11 | ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ: ਭਾਗ 2 | ਡਾ. ਤਰਲੋਕ ਸਿੰਘ ਸਹੋਤਾ | 24 |
| 12 | Why There is no woman Guru: Part 2 | Dr. Kala Singh | 26 |
| 13 | ਪੰਚ ਸਬਦ (ਅਨਹਦ ਨਾਦ): ਭਾਗ 2 | ਸਰਦਾਰਨੀ ਕਿਰਪਾਲ ਕੌਰ | 29 |
| 14 | ਸਿਮਰਨ ਤੋਂ ਪ੍ਰਾਪਤੀਆਂ: ਭਾਗ 2 | ਸਰਦਾਰ ਫੂਲਾ ਸਿੰਘ | 32 |
| | ਅਸੀਂ ਕਿਉ ਕਹਿੰਦੇ ਹਾਂ, "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ": ਭਾਗ 1 | ਡਾ. ਸਰਬਜੀਤ ਸਿੰਘ | 35 |
| 15 | ਮਹਾਰਾਜਾ ਰਣਜੀਤ ਸਿੰਘ-ਧਰਮ ਨਿਰਪੇਖ ਤੇ ਪਰਜਾ ਪਾਲਕ ਮਹਾਰਾਜਾ | ਸਰਦਾਰ ਮਨਿੰਦਰ ਸਿੰਘ | 38 |
| 16 | ਵਾਰਾਂ ਭਾਈ ਗੁਰਦਾਸ ਜੀ: ਭਾਗ ਪੰਜਵਾਂ | ਸਰਦਾਰ ਜਸਵਿੰਦਰ ਸਿੰਘ | 42 |
| 17 | ਨਿਮਰਤਾ | ਸ਼ਰਦਾਰ ਕਰਨੈਲ ਸਿੰਘ | 44 |
| 18 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 46 |
| 19 | ਐਡੀਟੋਰੀਅਲ ਬੋਰਡ ਤੇ ਸਲਾਹਕਾਰ | | 47 |

## ਸੰਪਾਦਕੀ ਨੋਟ

## 1-ਸਾਵਣ 558 (ਜੁਲਾਈ 2026) ਅੰਕ

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਾਵਣ ਦਾ ਮਹੀਨਾ 16 ਜੁਲਾਈ ਤੋਂ ਸ਼ੁਰੂ ਹੁੰਦਾ ਹੈ। ਖਾਲਸਾ ਪੰਥ ਲਈ ਨਾਨਕਸ਼ਾਹੀ ਕੈਲੰਡਰ ਵਿਸ਼ੇਸ਼ ਮਹੱਤਤਾ ਰਖਦਾ ਹੈ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸੀਆਂ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ। ਸਿਖ ਤਿਉਹਾਰਾਂ ਦੀਆਂ ਤਰੀਕਾਂ:

- ਸ੍ਰੀ ਅਕਾਲ ਤਖਤ ਸਾਹਿਬ ਦੀ ਨੀਂਹ 2 ਜੁਲਾਈ।
- ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਦਾ ਪ੍ਰਕਾਸ਼ ਗੁਰਪੁਰਬ ਨਾਨਕਸ਼ਾਹੀ ਕੈਲੰਡਰ ਅਨੁਸਾਰ 30 ਜੂਨ ਅਤੇ ਈਸਵੀ ਕੈਲੰਡਰ 5 ਜੁਲਾਈ ਨੂੰ।
- ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਗੁਰਪੁਰਬ ਨਾਨਕਸ਼ਾਹੀ ਕੈਲੰਡਰ ਅਨੁਸਾਰ 8 ਜੁਲਾਈ ਅਤੇ ਈਸਵੀ ਕੈਲੰਡਰ 23 ਜੁਲਾਈ।
- ਇਸੇ ਮਹੀਨੇ ਵਿਚ ਭਾਈ ਤਾਰੂ ਸਿੰਘ ਅਤੇ ਸਰਦਾਰ ਊਧਮ ਸਿੰਘ ਦੀਆਂ ਸ਼ਹੀਦੀਆਂ ਹੋਈਆਂ।
- ਸਿੱਖ ਇਤਿਹਾਸ ਵਿਚ ਸਦਾ ਯਾਦ ਰਖਿੱਆ ਜਾਣ ਵਾਲਾ ਮੋਰਚਾ ਗੁਰੂ ਕਾ ਬਾਗ 24 ਸਾਵਣ ਨੂੰ ਵਾਪਰਿਆ ਸੀ।

ਕੁਝ ਹੋਰ ਮਹੱਤਵਪੂਰਣ ਇਤਿਹਾਸਕ ਦਿਨ ਇਹ ਹਨ:

- ਕੈਨੇਡਾ ਦੇ ਸੰਵਿਧਾਨ ਦਾ ਕਾਨੂੰਨ (ਜੋ 1867 ਵਿਚ ਬਣਿਆ ਸੀ) ਅਤੇ ਕੌਮੀ ਗੀਤ 'ਓ ਕੈਨੇਡਾ' (ਜੋ 1980 ਵਿਚ ਸ਼ੁਰੂ ਹੋਇਆ ਸੀ) ਪਹਿਲੀ ਜੁਲਾਈ ਨੂੰ ਹੋਂਦ ਵਿਚ ਆਏ।
- ਅਮਰੀਕਾ ਆਪਣਾ ਆਜ਼ਾਦੀ ਦਿਨ 4 ਜੁਲਾਈ ਨੂੰ ਮਨਾਉਂਦਾ ਹੈ, ਜਦੋਂ 1776 ਵਿਚ ਉਹ ਬ੍ਰਿਟੇਨ ਤੋਂ ਮੁਕਤ ਹੋਇਆ ਸੀ।
- ਜੁਲਾਈ ਦਾ ਤੀਜਾ ਐਤਵਾਰ 'ਮਾਤਾ-ਪਿਤਾ' ਨੂੰ ਸਮਰਪਿਤ ਹੁੰਦਾ ਹੈ ਜਦੋਂ ਉਨ੍ਹਾਂ ਦੀਆਂ ਘਾਲਣਾਵਾਂ ਲਈ ਧੰਨਵਾਦ ਕੀਤਾ ਜਾਂਦਾ ਹੈ।

### ਲੇਖਕਾਂ ਲਈ ਜਾਣਕਾਰੀ

ਲੇਖਕ ਆਪਣੀਆਂ ਪੰਜਾਬੀ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ **info@sanjhivirasat.org** ਈ ਮੇਲ ਤੇ ਭੇਜ ਸਕਦੇ ਹਨ। ਰਚਨਾਵਾਂ ਸੰਖੇਪ ਹੋਣ (ਹੋਰ ਜਾਣਕਾਰੀ ਅੰਕ ਦੇ ਅੰਤ ਵਿਚ ਹੈ), ਲੰਬੇ ਲੇਖ ਵੈਬਸਾਈਟ (**sanjhivirasat.org**) ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ। ਹੋਰ ਜਾਣਕਾਰੀ ਪੰਨਾ 45 ਤੇ ਹੈ।

ਪਾਠਕਾਂ ਅਤੇ ਲੇਖਕਾਂ ਦੇ ਸਹਿਯੋਗ ਦਾ ਧੰਨਵਾਦ।

ਕਾਬਲ ਸਿੰਘ (ਐਡਮਿੰਟਨ, ਕੈਨੇਡਾ)

## ਸਾਵਣ ਮਹੀਨੇ ਦਾ ਪਾਠ ਅਤੇ ਵਿਆਖਿਆ

## **ਬਾਰਹ ਮਾਹਾ ਤੁਖਾਰੀ ਛੰਤ ਮਹਲਾ 1**

**ੴ ਸਤਿਗੁਰ ਪ੍ਰਸਾਦਿ॥**

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥ ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥ ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥ ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥ (ਪੰਨਾ 1108)**

**ਵਿਆਖਿਆ**

ਪ੍ਰੋ. ਮਨਿੰਦਰ ਸਿੰਘ (ਐਡਮਿੰਟਨ, ਕੈਨੇਡਾ)

ਸਾਵਣ ਦੀ ਵਿਚਾਰ ਕਰਦਿਆਂ ਸਤਿਗੁਰਾਂ ਨੇ ਏਸ ਰੁੱਤ ਦੇ ਪਿਛੋਕੜ ਵਿਚ ਜੀਵ ਰੂਪੀ ਇਸਤ੍ਰੀ ਦੇ ਪ੍ਰਭੂ ਪਤੀ ਦੇ ਵਿਛੋੜੇ ਦੀ ਬੜੀ ਹਿਰਦੇ ਵੇਧਕ ਤਸਵੀਰ ਖਿੱਚੀ ਹੈ। ਸਾਵਣ ਦੀ ਰੁੱਤ ਵਿਚ ਬੱਦਲ ਵਰਸ ਰਹੇ ਹਨ। ਅਜਿਹੇ ਸੁਹਾਵਣੇ ਸਮੇ ਮਨ ਤੇ ਸਰੀਰ ਵਿਚ ਪ੍ਰਭੂ ਪਤੀ ਦੇ ਮਿਲਾਪ ਦੀ ਤਾਂਘ ਉਠਦੀ ਹੈ ਪਰ ਪ੍ਰਭੂ ਪਤੀ ਤਾਂ ਉਸਤੋਂ ਦੂਰ ਗਿਆ ਹੋਇਆ ਹੈ।

ਪ੍ਰਭੂ ਪਤੀ ਦੇ ਵਿਛੋੜੇ ਵਿਚ ਜੀਵ ਇਸਤ੍ਰੀ ਹਉਕੇ ਭਰਦੀ ਹੈ। ਚਮਕਦੀ ਅਸਮਾਨੀ ਬਿਜਲੀ ਵੀ ਉਸਨੂੰ ਡਰਾਂਦੀ ਹੈ। ਹਿਰਦੇ ਦੀ ਸੇਜ ਤੇ ਪ੍ਰਭੂ ਪਤੀ ਦੇ ਵਿਯੋਗ ਦਾ ਦੁਖ ਮੌਤ ਵਰਗਾ ਵਿਆਪ ਰਿਹਾ ਹੈ। ਨੀਂਦ ਤੇ ਭੁੱਖ ਵੀ ਵਿਸਰ ਗਈ ਹੈ ਤੇ ਸਰੀਰ ਉਤੇ ਪਹਿਨੇ ਕਪੜੇ ਵੀ ਚੰਗੇ ਨਹੀਂ ਲਗਦੇ। ਪ੍ਰਭੂ ਪਤੀ ਦੇ ਸਿਮਰਨ ਦੁਆਰਾ ਹੀ ਜੀਵ ਇਸਤ੍ਰੀ ਨੂੰ ਉਸਦੇ ਮਿਲਾਪ ਵਾਲੀ ਸੁਹਾਗਣ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ। ਸਮੁੱਚਾ ਭਾਵ ਹੈ ਕਿ ਮਨੁੱਖੀ ਜੀਵਨ ਦੇ ਸਮੇ ਵਿਚ ਪ੍ਰਮਾਤਮਾਂ ਤੋਂ ਵਿਛੜੇ ਮਨੁੱਖ ਨੂੰ ਸੁਹਾਵਣਾ ਸਮਾ ਵੀ ਭਿਆਨਕ ਲਗਦਾ ਹੈ ਜਦ ਕਿ ਪ੍ਰਭੂ ਮਿਲਾਪ ਦੀ ਅਵੱਸਥਾ ਸੁਹਾਗਣਾਂ ਵਰਗਾ ਹੁੰਦਾ ਹੈ।



# ਕਾਵਿਕ ਵਿਆਖਿਆ

## ਇੰਜ. ਕਰਮਜੀਤ ਸਿੰਘ 'ਨੂਰ', ਜਲੰਧਰ

ਸਉਣ ਦਾ ਮਹੀਨਾ ਆਇਆ, ਵਰਖਾ ਦੀ ਰੁੱਤ
ਲੈ ਕੇ, ਅੰਬਰਾਂ ਤੇ ਛਾਈਆਂ ਘਟਾ ਕਾਲੀਆਂ।

ਹਰਾ ਭਰਾ ਹੋ ਜਾ ਤੂੰ ਵੀ ਹੁਣ ਮਨਾ ਮੇਰਿਆ ਵੇ
ਹਰ ਪਾਸੇ ਛਾਈਆਂ ਹਰਿਆਲੀਆਂ।

ਲੱਗਦਾ ਪਿਆਰਾ ਬੜਾ, ਆਪਣਾ ਪਿਆਰਾ
ਮੈਨੂੰ, ਹਰ ਪਾਸੇ ਖੁਸ਼ੀ ਦਾ ਮਾਹੌਲ ਹੈ।

ਕਰਾਂ ਕੀ ਮੈਂ  ਗਿਆ ਹੋਇਆ ਕੰਤ ਪਰਦੇਸ,
ਮੇਰਾ, ਕਾਲਜੇ ਨੂੰ ਪੈਂਦਾ ਮੇਰੇ ਹੌਲ ਹੈ।

ਜਦੋਂ ਤੀਕ ਘਰ ਨਹੀਂ ਆਉਂਦਾ ਕੰਤ ਪਤੀ
ਮੇਰਾ, ਹੌਕਿਆਂ ਦੇ ਨਾਲ ਪਈ ਹਾਂ ਮਰਦੀ।

ਬਾਰ ਬਾਰ ਬਿਜਲੀ ਆਕਾਸ਼ੀਂ ਜਦੋਂ ਚਮਕਦੀ
ਹੈ, ਜਿੰਦ ਮੇਰੀ ਉਦੋਂ ਬੜੀ ਡਰਦੀ।

ਸੱਖਣੀ ਇਹ ਸੇਜ ਮੈਨੂੰ ਬੜੀ ਦੁਖਦਾਈ ਜਾਪੇ,
ਮਨ ਮੇਰਾ ਡਾਹਢਾ ਪਰੇਸ਼ਾਨ ਹੈ।

ਉਹਦੇ ਬਿਨਾਂ ਜ਼ਿੰਦਗੀ ਨੀ ਮਾਏਂ ਕਾਹਦੀ
ਜ਼ਿੰਦਗੀ ਹੈ, ਜ਼ਿੰਦਗੀ ਵੀ ਮੌਤ ਦੇ ਸਮਾਨ ਹੈ।

ਨੀਂਦ ਅਤੇ ਭੁੱਖ ਕਿੱਥੇ, ਉਸ ਜੀਵ ਇਸਤਰੀ
ਨੂੰ, ਜੀਹਦਾ ਪ੍ਰਭੂ ਪਤੀ ਨਾਲ ਪਿਆਰ ਹੈ।

ਤਨ ਉੱਤੇ ਕੱਪੜੇ ਵੀ ਪਾਉਣੇ ਚੰਗੇ ਲੱਗਦੇ
ਨਹੀਂ, ਨਾ ਹੀ ਉਹਨੂੰ ਸ਼ੋਭਦਾ ਸ਼ਿੰਗਾਰ ਹੈ।

ਨਾਨਕ ! ਉਹ ਬੜੀ ਭਾਗਾਂ ਵਾਲੀ ਜੀਵ
ਇਸਤਰੀ ਹੈ, ਪ੍ਰਭੂ ਦਾ ਪਿਆਰ ਜਿਹਨੇ ਪਾ
ਲਿਆ।

'ਨੂਰ' ਉਹਦੀ ਯਾਦ ਵਿੱਚ ਲੀਨ ਸਦਾ ਰਹੇ
ਜਿਹੜੀ, ਜਿਹਨੂੰ ਉਹਨੇ ਅੰਗ ਨਾਲ ਲਾ ਲਿਆ।



## ਸਾਵਣ ਮਹੀਨੇ ਦਾ ਪਾਠ ਅਤੇ ਵਿਆਖਿਆ

### ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ਇੰਜੀਨੀਅਰ ਕਰਮਜੀਤ ਸਿੰਘ ਨੂਰ, ਜਲੰਧਰ

**ੴ ਸਤਿਗੁਰ ਪ੍ਰਸਾਦਿ**

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥ ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥ ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥ ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥ ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥**

### ਭਾਵ ਅਰਥ

ਸਾਵਣ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਸਾਨੂੰ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਜਿਵੇਂ ਸਾਵਣ ਵਿਚ ਸਾਰੀ ਬਨਸਪਤੀ ਹਰੀ ਭਰੀ ਹੋ ਜਾਂਦੀ ਹੈ, ਇਸੇ ਤਰ੍ਹਾਂ ਹੀ ਉਸ ਜੀਵ-ਇਸਤ੍ਰੀ ਦਾ ਹਿਰਦਾ ਵੀ ਖਿੜ ਜਾਂਦਾ ਹੈ, ਜਿਸ ਦਾ ਪ੍ਰਭੂ ਚਰਨਾਂ ਨਾਲ ਪਿਆਰ ਹੈ। ਉਸ ਦਾ ਤਨ ਤੇ ਮਨ ਪ੍ਰੇਮ ਵਿਚ ਰੰਗਿਆ ਜਾਂਦਾ ਹੈ ਅਤੇ ਮਾਇਆ ਦੇ ਸਾਰੇ ਰੰਗ ਉਸ ਨੂੰ ਝੂਠੇ ਅਤੇ ਬੇਕਾਰ ਨਜ਼ਰ ਆਉਂਦੇ ਹਨ । ਉਸ ਨੂੰ ਹਰੀ ਨਾਮ ਦੀਆ ਅਮ੍ਰਿਤ ਬੂੰਦਾਂ ਪਿਆਰੀਆਂ ਲੱਗਦੀਆਂ ਹਨ।

ਪੰਜਵੇਂ ਸਰੂਪ ਵਿੱਚ ਗੁਰੂ ਨਾਨਕ ਜੀ ਫੁਰਮਾਨ ਕਰਦੇ ਹਨ ਕਿ ਮੇਰਾ ਮਨ ਵੀ ਪ੍ਰਭੂ ਨੂੰ ਮਿਲਣ ਲਈ ਤਾਂਘਦਾ ਰਹਿੰਦਾ ਹੈ। ਜਿਨ੍ਹਾਂ ਨੂੰ ਉਸ ਦਾ ਮਿਲਾਪ ਹੋ ਗਿਆ ਹੈ ਮੈਂ ਉਹਨਾਂ ਤੋਂ ਕੁਰਬਾਨ ਹਾਂ। ਹੇ ਪ੍ਰਭੂ ਮੇਰੇ ਉੱਤੇ ਵੀ ਆਪਣੇ ਸ਼ਬਦ ਰਾਹੀਂ ਬਖ਼ਸ਼ਿਸ਼ ਕਰੋ ਜੋ ਕਿ ਇਸ ਜਿੰਦ ਨੂੰ ਸੁਆਰਨ ਜੋਗ ਹੈ। ਸਾਵਣ ਦਾ ਮਹੀਨਾ ਓਹਨਾਂ ਜੀਵ ਇਸਤ੍ਰੀਆਂ ਲਈ ਹੀ ਸੁਹਾਵਣਾ ਹੈ, ਜਿਨ੍ਹਾਂ ਨੇ ਪ੍ਰਭੂ ਦੇ ਪਿਆਰ ਦਾ ਹਾਰ ਆਪਣੇ ਗਲੇ ਵਿੱਚ ਪਾ ਲਿਆ ਹੈ।

### ਕਾਵਿਕ ਵਿਆਖਿਆ

ਸਾਉਣ ਵਿੱਚ ਹੁੰਦੀ ਹਰੀ ਭਰੀ ਜੀਵ ਇਸਤਰੀ ਉਹ, ਪ੍ਰਭੂ ਚਰਨਾਂ ਦੇ ਨਾਲ ਪਇਆ ਜੀਹਨੇ ਪਿਆਰ ਹੈ।

ਮਨ ਤਨ ਜੀਹਦਾ ਉਹਦੇ ਰੰਗ ਵਿੱਚ ਰੰਗਿਆ ਹੈ, ਜੀਹਨੂੰ ਬਸ ਇਕੋ ਸੱਚੇ ਨਾਮ ਦਾ ਹੀ ਆਧਾਰ ਹੈ।

ਮਾਇਆ ਵਾਲੇ ਰੰਗ ਝੂਠੇ ਜਾਪਦੇ ਨੇ ਉਨ੍ਹਾਂ ਤਾਂਈ, ਝੂਠਿਆਂ ਪਦਾਰਥਾਂ ਨੂੰ ਸਮਝਦੇ ਨੇ, ਖ਼ਾਕ ਹੈ।

ਬੂੰਦ ਹਰੀ ਨਾਮ ਵਾਲੀ ਅੰਮ੍ਰਿਤ ਸਮਾਨ ਜਾਪੇ,
ਰੱਬ ਦੇ ਪਿਆਰਿਆਂ ਦੀ ਇਹੋ ਹੀ ਖੁਰਾਕ ਹੈ।

ਖਿੜੀ ਹੈ ਬਨਾਸਪਤੀ ਪ੍ਰਭੂ ਸੰਗ ਸਦਕਾ ਹੀ, ਸਾਰੀਆਂ ਹੀ ਸ਼ਕਤੀਆਂ ਦਾ ਮਾਲਕ ਜੋ ਆਪ ਹੈ।

ਸਾਰਿਆਂ ਦਾ ਮਨ ਉਹਨੂੰ ਮਿਲਣ ਲਈ ਤਰਸਦਾ ਹੈ, ਬਖਸ਼ਿਸ਼ ਦੇ ਨਾਲ ਹੁੰਦਾ ਓਸ ਦਾ ਮਿਲਾਪ ਹੈ।

ਜਿਨ੍ਹਾਂ ਸਖੀਆਂ ਨੇ ਪ੍ਰਭੂ ਪਤੀ ਤਾਂਈਂ ਪਾ ਲਿਆ ਹੈ, ਉਨ੍ਹਾਂ ਤੋਂ ਮੈਂ ਜਾਂਵਾਂ ਬਲਿਹਾਰ ਬਲਿਹਾਰ ਜੀ।

ਨਾਨਕ ਦੇ ਉੱਤੇ ਵੀ ਉਹ ਮਿਹਰ ਪਾਓ ਪ੍ਰਭੂ ਜੀਓ,
ਸ਼ਬਦ ਜੀਵ ਆਤਮਾ ਨੂੰ ਦੇਂਦਾ ਏ ਸਵਾਰ ਜੀ।
ਸਾਉਣ ਮਹੀਨਾ 'ਨੂਰ' ਸ਼ੋਭਦਾ ਸੁਹਾਗਣਾਂ ਨੂੰ, ਪਾਏ
ਜਿਨ੍ਹਾਂ ਗਲੀਂ ਰਾਮ ਨਾਮ ਵਾਲੇ ਹਾਰ ਜੀ।



# ਕੀ ਨੌਂਵੇ ਨਾਨਕ ਦੀ ਬਾਣੀ ਵੈਰਾਗਮਈ ਹੈ?: ਭਾਗ 1

ਸਰਦਾਰ ਕਰਮਜੀਤ ਸਿੰਘ (ਅਮਰੀਕਾ)

### ਸਵਾਲ

ਗੁਰੂ ਨਾਨਕ ਸਾਹਿਬ ਨੇ ਹਿਮਾਲਯ ਦੇ ਪਹਾੜਾਂ ਤੇ ਜਾ ਕੇ ਜੋਗੀਆਂ ਅਤੇ ਸਿੱਧਾਂ ਨੂੰ ਸਮਾਜ ਵਿੱਚ ਗ੍ਰਿਸਤੀ ਬਣਕੇ ਇੱਕ ਜਿੰਮੇਵਾਰ ਮਨੁਖ ਦੀ ਤਰ੍ਹਾਂ ਰਹਿਣ ਦੀ ਪ੍ਰੇਰਣਾ ਦਿੱਤੀ। ਨਾਲ ਹੀ ਗੁਰਬਾਣੀ ਰਾਹੀਂ ਸਚਿਆਰ ਬਣਕੇ ਇਸ ਜਨਮ ਵਿੱਚ ਜੀਵਨ-ਮੁਕਤ ਹੋਣ ਦੀ ਸਿਖਿਆ ਦਿੱਤੀ।

ਬਾਕੀ ਸਾਰੇ ਗੁਰੂਆਂ ਅਤੇ ਭਗਤਾਂ ਨੇ ਵੀ ਗ੍ਰਿਸਤੀ ਜੀਵਨ ਅਤੇ ਇਸ ਜਨਮ ਵਿੱਚ ਜੀਵਨ-ਮੁਕਤ ਹੋਣ ਦੀ ਸਿਖਿਆ ਦਿੱਤੀ।

ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਨੋਵੇਂ ਜਾਮੇ ਵਿੱਚ ਗੁਰੂ ਜੀ 33 ਸਾਲ ਤਕ ਭੋਰੇ ਵਿੱਚ ਬੈਠ ਕੇ, ਪਰਿਵਾਰ ਅਤੇ ਸਮਾਜ ਦੀਆਂ ਜਿੰਮੇਵਾਰੀਆਂ ਤੋਂ ਦੂਰ ਰਹਿ ਕੇ ਸਮਾਂ ਬਿਤਾਣ ਅਤੇ ਬਾਣੀ ਰਾਹੀਂ ਵੈਰਾਗੀ ਹੋਣ ਦੀ ਸਿਖਿਆ ਦੇਣ?

### ਜਵਾਬ

ਨੌਵੇਂ ਨਾਨਕ ਦੀ ਬਾਣੀ ਵੈਰਾਗਮਈ ਨਹੀਂ ਹੈ। ਅਸੀਂ ਇਹ ਦੇਖਣਾ ਹੈ ਕਿ ਇਹ ਲੇਬਲ (ਲਓਬਏਲ) ਕਿਸਨੇ, ਕਦੋਂ ਅਤੇ ਕਿਉਂ ਲਗਾਇਆ।

### ਪਿਛੋਕੜ

ਹੇਠ ਲਿਖੀ ਸੂਚੀ ਤੋਂ ਪਤਾ ਲਗਦਾ ਹੈ ਕਿ ਚਾਰ ਵੇਦ ਅਤੇ 16 ਪੁਰਾਣ ਉਸ ਵੇਲੇ ਲਿਖੇ ਗਏ ਜਦੋਂ ਸਮਾਜ ਦੀ ਵੰਡ ਜਨਮ ਦੇ ਆਧਾਰ ਤੇ ਨਹੀਂ ਸੀ। 17ਵਾਂ ਪੁਰਾਣ (ਪਦਮ ਪੁਰਾਣ) ਅਤੇ 18ਵਾਂ ਪੁਰਾਣ (ਗਰੁੜ ਪੁਰਾਨ) ਬ੍ਰਾਹਮਣਾਂ ਨੇ ਅਪਨੇ ਨਿਜੀ ਫਾਇਦੇ ਲਈ ਮਨਘੜਤ ਕਹਾਨੀ ਬਣਾ ਕੇ ਲੋਕਾਂ ਨੂੰ ਅਪਨੇ ਕਾਬੂ ਵਿੱਚ ਰਖਣ ਲਈ ਲਿਖੇ।

### ਵੇਦ ਅਤੇ ਪੁਰਾਣ

- 1,500 – 1,000 ਈ. ਪੂ.: ਸਮਾਜ ਪੇਸ਼ੇ ਦੇ ਆਧਾਰ ਤੇ ਵੰਡਿਆ ਗਿਆ। ਵਰਣ- ਨ ਕਿ ਜਾਤੀ।
- 1,500 - 500 ਈ. ਪੂ.: ਵੇਦ ਲਿਖੇ ਗਏ।
- 1,000 – 500 ਈ. ਪੂ.: ਬ੍ਰਾਹਮਣਾਂ ਅਤੇ ਖਤਰੀਆਂ ਨੇ ਅਪਨੇ ਹਕ ਮਜਬੂਤ ਕਰਨੇ ਸ਼ੁਰੂ ਕੀਤੇ।
- 200 ਈ. ਪੂ.:- 200 ਈ.: ਧਰਮ ਸੂਤ੍ਰ – ਵਰਣਾਂ ਲਈ ਨ ਕਿ ਜਾਤੀਆਂ ਲਈ।
- 1 ਈ. – 200 ਈ.: ਮਨੁ ਸਮ੍ਰਿਤਿ ਹੋਂਦ ਵਿੱਚ ਆਈ।
- 300 ਈ. – 600 ਈ.: ਜਨਮ ਤੋਂ ਜਾਤੀ ਮਜਬੂਤ ਹੋ ਗਈ।
- 200 ਈ.- 1,400 ਈ.: ਪੁਰਾਣ ਲਿਖੇ ਗਏ।
- 200 ਈ.- 1,000 ਈ.: 1 ਤੋਂ 16 ਪੁਰਾਣ ਲਿਖੇ ਗਏ।(1-16)
- 400 ਈ. – 1,400 ਈ.: ਪਦਮ (17) ਅਤੇ ਗਰੁੜ ਪੁਰਾਨ (18)

### ਗਰੁੜ ਪੁਰਾਣ (18) ਬਾਰੇ ਕੁਝ ਹਵਾਲੇ

- 19,000 ਪੰਗਤੀਆਂ ਹਨ।

- ਆਤਮਾ ਦਾ ਮਰਨ ਤੋਂ ਬਾਦ ਦੀ ਯਾਤਰਾ ਦਾ ਵਿਸਥਾਰ।
- ਹਰ ਇੱਕ ਦੀ ਆਤਮਾ ਨੂੰ ਵਖਰੀ ਹੋਂਦ ਮਨਿਆ ਗਿਆ ਹੈ।
- ਆਤਮਾ ਪਰਮਾਤਮਾ ਤੋਂ ਵਿਛੁੜੀ ਹੋਈ ਹੈ।
- ਬੁਰੇ ਅਤੇ ਚੰਗੇ ਕਰਮ (ਜਿਨ੍ਹਾਂ ਦੀ ਸੂਚੀ ਪੰਡਤਾਂ ਨੇ ਬਣਾਈ) ਸਦੀਵੀ ਆਤਮਾ ਨਾਲ ਰਹਿੰਦੇ ਹਨ।
- ਜੇਕਰ ਪੰਡਤਾਂ ਦੇ ਕਹੇ ਅਨੁਸਾਰ ਕਰਮਕਾਂਡ ਨ ਕੀਤੇ ਜਾਣ ਤਾਂ ਆਤਮਾ 84 ਲਖ ਜੂਨਾਂ ਵਿੱਚ (ਜਿਸਦੀ ਸੂਚੀ ਪੰਡਤਾਂ ਕੋਲ) ਭਟਕਦੀ ਰਹਿੰਦੀ ਹੈ।
- ਜੂਨਾਂ ਤੋਂ ਮੁਕਤੀ ਪਾਉਣ ਲਈ, ਪੰਡਤਾਂ ਦੇ ਕਹੇ ਅਨੁਸਾਰ ਕਰਮ ਕਾਂਡ ਕਰਨੇ ਪੈਂਦੇ ਹਨ।

## ਹਿੰਦੂ ਧਰਮ ਦੇ ਕਰਮ ਕਾਂਡਾਂ ਨੂੰ ਮੁੜ ਸਿੱਖ ਧਰਮ ਦਾ ਹਿੱਸਾ ਬਣਾਉਂਣ ਦੀਆਂ ਚਾਲਾਂ

- ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ (1716-1925) ਗੁਰਦਵਾਰੇ ਅਤੇ ਸਿਖ ਸੰਸਥਾਵਾ ਉਦਾਸਿਆਂ ਅਤੇ ਨਿਰਮਲਿਆਂ ਦੇ ਕਬਜੇ ਵਿੱਚ ਰਹੇ।
- ਉਹਨਾਂ ਨੇ ਕਰਮ ਕਾਂਡ ਮੁੜ ਇਨ੍ਹਾਂ ਸੰਸਥਾਵਾ ਵਿੱਚ ਲੈ ਆਂਦੇ।
- ਦਰਬਾਰ ਸਾਹਿਬ ਦੀ ਪਰਕਰਮਾਂ ਵਿੱਚ ਹਿੰਦੂ ਦੇਵੀ-ਦੇਵਤਾਵਾਂ ਦੀ ਮੂਰਤੀਆਂ ਸਥਾਪਿਤ ਕੀਤੀਆਂ।
- ਰੱਬ ਦੂਰ ਕਿਸੇ ਅਸਮਾਨ ਤੇ ਰਹਿੰਦਾ ਹੈ। ਰੱਬ ਦਾ ਦੂਤ (ਚਿਤ੍ਰਗੁਪਤ) ਇਨਸਾਨ ਦੇ ਸਾਰੀ ਉਮਰ ਦੀਆਂ ਗਲਤੀਆਂ ਨੋਟ ਕਰਦਾ ਰਹਿੰਦਾ ਹੈ। ਮਰਨ ਤੋਂ ਬਾਦ ਆਤਮਾ ਨੂੰ ਸਜਾ ਮਿਲਦੀ ਹੈ।
- ਇਹ ਸਿੱਧ ਕਰਨਾਂ ਕਿ ਘਟ ਤੋਂ ਘਟ ਇਕ ਬਾਣੀ ਕਰਮ ਕਾਂਡਾਂ ਲਈ ਲਿਖੀ ਗਈ ਹੈ ਅਤੇ ਇਕ ਗੁਰੂ ਜਨਮ ਤੋਂ ਹੀ ਤਿਆਗੀ ਸਨ।
- ਮਰਨ ਤੋਂ ਬਾਦ ਦੇ ਕਰਮ ਕਾਂਡਾਂ (ਗਰੁੜ ਪੁਰਾਨ) ਨੂੰ ਮਾਨਤਾ ਦੇਣ ਲਈ ਉਹਨਾਂ ਨੇ ਨੌਂਵੇ ਨਾਨਕ ਦੀ ਬਾਣੀ ਦਾ ਸਹਾਰਾ ਲਿਆ।
- ਉਹਨਾਂ ਨੇ ਨੌਂਵੇ ਨਾਨਕ ਨੂੰ ਚੁਣਿਆਂ ਅਤੇ ਉਹਨਾਂ ਬਾਰੇ ਝੂਠੇ ਅਤੇ ਮਨਘੜਤ ਬਿਰਤਾਂਤ ਲਿੱਖੇ। ਜਿਵੇਂ ਕਿ ਉਹਨਾਂ ਦਾ ਜਨਮ ਦਾ ਨਾਮ "ਤਿਆਗ ਮੱਲ" ਸੀ। ਫਿਰ ਬਾਦ ਵਿੱਚ ਬਦਲ ਕੇ ਤੇਗ ਬਹਾਦਰ ਰਖਿਆ ਗਿਆ। ਬਚਪਨ ਤੋਂ ਹੀ ਵੈਰਾਗਮਈ ਬਿਰਤੀ ਦੇ ਸਨ। ਉਹਨਾਂ ਨੇ ਅਪਨੇ ਕੀਮਤੀ ਕਪੜੇ ਉਤਾਰ ਕੇ ਇਕ ਗਰੀਬ ਬੱਚੇ ਨੂੰ ਦੇ ਦਿੱਤੇ। ਉਹਨਾਂ ਨੇ ਤਿਆਗੀ ਬਣ ਕੇ 33 ਸਾਲ ਭੋਰੇ ਵਿੱਚ ਬੈਠ ਕੇ ਤਪਸਿਆ ਕੀਤੀ।
- ਸਸਕਾਰ ਵੇਲੇ ਵੈਰਾਗਮਈ ਕੀਰਤਨ ਹੋਵੇ। ਸਿਰਫ ਉਹ ਸ਼ਬਦ ਪੜੇ ਜਾਣ ਜਿਨ੍ਹਾਂ ਵਿੱਚ ਮਰਨ ਦਾ ਜਿਕਰ ਹੋਵੇ, ਖਾਸ ਕਰਕੇ ਨੌਵੀਂ ਪਾਤਸ਼ਾਹੀ ਦੇ ਸ਼ਬਦ। ਪਰਿਵਾਰ ਮਿਲਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ 1426 ਅੰਕਾਂ ਦਾ ਪਾਠ ਕਰਨ। ਜਾਂ ਪਾਠੀਆਂ ਕੋਲੋਂ ਕਰਵਾ ਲੈਣ। ਸਮੂਹ ਸੰਗਤ ਮਿਲਕੇ ਨੌਵੇਂ ਮਹਲੇ ਦੇ ਸ਼ਲੋਕ ਪੜਨ ਅਤੇ ਭੋਗ ਪਾਉਣ। ਗ੍ਰੰਥੀ ਜੀ ਅਰਦਾਸ ਕਰਨ ਕਿ ਸਮੂਹ ਸੰਗਤ ਮਿਲਕੇ ਵਾਹਿਗੁਰੂ ਅੱਗੇ ਬਿਨਤੀ ਕਰਦੀ ਹੈ ਕਿ ਵਿਛੜੀ ਆਤਮਾਂ ਨੂੰ ਅਪਨੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਆਵਾ-ਗਵਨ (84 ਲਖ ਜੂਨਾ) ਮਿਟਾਣ।
- ਵਰੀਣੇ **ਦੀ** ਰਸਮ ਪੂਰੀ ਦੀ ਪੂਰੀ ਗਰੁੜ ਪੁਰਾਣ ਤੇ ਆਧਾਰਿਤ ਹੈ। ਮਰਨ ਦੇ ਤਕਰੀਬਨ 11 ਮਹੀਨੇ ਬਾਦ ਫਿਰ ਪਾਠ ਕਰਨਾਂ। ਫਿਰ ਵੈਰਾਗਮਈ ਕੀਰਤਨ ਕਰਨਾਂ। ਅਖੀਰ ਵਿਚ ਸੰਗਤ ਦਾ ਮਿਲ ਕੇ ਅਰਦਾਸ ਕਰਨਾਂ ਅਤੇ ਰੂਹ ਦੇ ਆਵਾ-ਗਵਨ ਦੇ ਚੱਕਰ ਤੋਂ ਮੁਕਤ ਹੋਣ ਲਈ ਬਿਨਤੀ ਕਰਨੀ।

## ਗੁਰਬਾਣੀ ਗਰੁੜ ਪੁਰਾਣ ਨਾਲ ਸਹਿਮਤ ਨਹੀਂ

ਗੁਰੂ ਤੇਗ ਬਹਾਦਰ ਸਾਹਿਬ, ਹੋਰ ਗੁਰੂ ਸਾਹਿਬਾਂ ਅਤੇ ਭਗਤ ਸਾਹਿਬਾਂ ਵਲੋਂ ਗੁਰਬਾਣੀ ਵਿਚੋਂ ਕੁਝ ਉਦਾਹਰਣਾਂ ਸਾਫ ਦਰਸਾਉਂਦੀਆਂ ਹਨ ਕਿ ਗੁਰਬਾਣੀ ਗਰੁੜ ਪੁਰਾਣ ਨਾਲ ਸਹਿਮਤ ਨਹੀਂ।ਨੌਵੇਂ ਨਾਨਕ ਦਾ ਹੇਠ ਲਿਖਿਆ ਸ਼ਬਦ ਸਾਫ ਕਹਿ ਰਿਹਾ ਹੈ ਕਿ ਰੱਬ ਹਰ ਇਨਸਾਨ ਦੇ ਅੰਦਰ ਵਸਦਾ ਹੈ ਨ ਕਿ ਦੂਰ ਅਸਮਾਨ ਤੇ ਜਿਵੇਂ ਕਿ ਗਰੁੜ ਪੁਰਾਨ ਵਿੱਚ ਦਸਿਆ ਗਿਆ ਹੈ।

ਮਹਲਾ 9,**"ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਰਹਾਉ॥ ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥" (ਅੰਕ 684)**

ਗੁਰੁ ਤੇਗ ਬਹਾਦਰ ਸਾਹਿਬ ਜੀ ਦਾ ਉਚਾਰਿਆ ਹੇਠ ਲਿਖਿਆ ਸ਼ਬਦ (ਅੰਕ 633) ਵਿਚਾਰਨ ਯੋਗ ਹੈ। ਇਸਦੇ ਸ਼ਾਬਦਿਕ ਅਰਥ ਕਰਨ ਨਾਲ ਕੌਈ ਰੂਹਾਨੀ ਸਿਖਿਆ ਨਹੀਂ ਮਿਲਦੀ। ਇਸ ਲਈ ਹਰ ਤੁਕ ਦੇ ਅਧਿਆਤਮਿਕ ਅਰਥ ਸਮਝਣ ਦੀ ਲੋੜ ਹੈ।

**"ਇਹ ਜਗਿ ਮੀਤੁ ਨ ਦੇਖਿਓ ਕੋਈ॥"**

**ਅਰਥ:** ਜਗ = ਜ਼ਮੀਰ ਦੀ ਦੁਨੀਆ ਵਜੋਂ ਅੰਦਰੂਨੀ ਅਧਿਆਤਮਿਕ ਅਵਸਥਾ। ਮੀਤ = ਸਾਡੀ ਜ਼ਮੀਰ ਦੇ ਮਿਤ੍ਰ ਅਤੇ ਰਿਸ਼ਤੇਦਾਰ ਇੰਦਰੀਆਂ ਹਨ।

ਹੇ ਭਾਈ! ਇਸ ਜਗਤ ਵਿਚ ਕੋਈ (ਤੋੜ ਸਾਥ ਨਿਬਾਹੁਣ ਵਾਲਾ) ਮਿੱਤਰ (ਮੈਂ) ਨਹੀਂ ਵੇਖਿਆ। ਗੁਰੂ ਜੀ ਇਸ ਸੰਸਾਰ ਵਿੱਚ "ਸੱਚਾ ਮਿੱਤਰ" ਲੱਭਣ ਬਾਰੇ ਚਿੰਤਤ ਕਿਉਂ ਹਨ? ਕੀ ਅਧਿਆਤਮਿਕਤਾ ਲਈ "ਸੱਚਾ ਮਿੱਤਰ" ਲੱਭਣਾ ਜ਼ਰੂਰੀ ਹੈ?

**ਅਧਿਆਤਮਕ ਭਾਵ:** ਜਦੋਂ ਮੇਰੀ ਆਤਮਾ ਦੀ ਗੱਲ ਆਉਂਦੀ ਹੈ, ਤਾਂ ਮੇਰੀਆਂ ਸਰੀਰਕ ਇੰਦਰੀਆਂ (ਜਿਵੇਂ ਮੈਂ ਕੀ ਦੇਖਦਾ ਅਤੇ ਛੂਹਦਾ ਹਾਂ) ਅਸਲ ਵਿੱਚ ਸਹੀ ਕੰਮ ਕਰਨ ਵਿੱਚ ਮੇਰੀ ਜ਼ਮੀਰ ਦੀ ਮਦਦ ਨਹੀਂ ਕਰ ਰਹੀਆਂ ਹਨ ।

**"ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥"**

**ਅਰਥ:** ਸਾਰਾ ਸੰਸਾਰ ਆਪਣੇ ਸੁਖ ਵਿਚ ਹੀ ਜੁੱਟਾ ਪਿਆ ਹੈ। ਦੁੱਖ ਵਿਚ (ਕੋਈ ਕਿਸੇ ਦੇ) ਨਾਲ (ਸਾਥੀ) ਨਹੀਂ ਬਣਦਾ। ਹਰ ਕੋਈ ਆਪਣੇ ਸੁੱਖਾਂ ਨਾਲ ਜੁੜਿਆ ਹੋਇਆ ਹੈ, ਤਾਂ ਫਿਰ ਸੱਚਾ ਮਿੱਤਰ ਲੱਭਣ ਦੀ ਕੋਸ਼ਿਸ਼ ਵਿਅਰਥ ਹੋਵੇਗੀ

**ਅਧਿਆਤਮਕ ਭਾਵ:** ਮੇਰੀਆਂ ਇੰਦਰੀਆਂ ਸਿਰਫ਼ ਉਦੋਂ ਹੀ ਮੇਰੀ ਜ਼ਮੀਰ ਵੱਲ ਧਿਆਨ ਦਿੰਦੀਆਂ ਹਨ ਜਦੋਂ ਉਹ ਸੰਸਾਰਿਕ ਖੁਸ਼ੀ ਜਾਂ ਗਮੀ ਮਹਿਸੂਸ ਕਰ ਰਹੀਆਂ ਹੁੰਦੀਆਂ ਹਨ।

**"ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥"**

**ਅਰਥ:** ਦਾਰਾ ਮੀਤ = ਮਨ, ਜੋ ਜ਼ਮੀਰ ਦਾ ਸਾਥੀ ਹੈ। ਪੂਤ, ਸੰਬੰਧੀ = ਮਨ ਅਤੇ ਇੰਦਰੀਆਂ ਵਿੱਚੋਂ ਨਿਕਲਣ ਵਾਲੇ ਵਿਚਾਰ। ਧਨ = ਮਨ ਦੇ ਸੰਸਾਰਿਕ ਲਾਭ ।

ਹੇ ਭਾਈ! ਇਸਤ੍ਰੀ, ਮਿੱਤਰ, ਪੁੱਤਰ, ਰਿਸ਼ਤੇਦਾਰ-ਇਹ ਸਾਰੇ ਧਨ ਨਾਲ (ਹੀ) ਪਿਆਰ ਕਰਦੇ ਹਨ।

**ਅਧਿਆਤਮਕ ਭਾਵ:** ਮੇਰਾ ਦਿਮਾਗ ਸਿਰਫ਼ ਉਦੋਂ ਹੀ ਮੇਰੀ ਜ਼ਮੀਰ ਨਾਲ ਸਹਿਯੋਗ ਕਰਨਾ ਚਾਹੁੰਦਾ ਹੈ ਜਦੋਂ ਉਹ ਸੋਚਦਾ ਹੈ ਕਿ ਮੈਨੂੰ ਸ਼ਾਇਦ ਕੋਈ ਇਨਾਮ ਮਿਲੇਗਾ ਜਾਂ ਮੈਂ ਕੁਝ "ਜਿੱਤ" ਸਕਦਾ ਹਾਂ ।

**"ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥"**

**ਅਰਥ:** ਨਿਰਧਨ = ਸੰਸਾਰਿਕ ਨੁਕਸਾਨ।

ਜਦੋਂ ਹੀ ਇਹਨਾਂ ਨੇ ਮਨੁੱਖ ਨੂੰ ਕੰਗਾਲ ਵੇਖਿਆ, (ਤਦੋਂ) ਸਾਥ ਛੱਡ ਕੇ ਨੱਸ ਜਾਂਦੇ ਹਨ।

**ਅਧਿਆਤਮਕ ਭਾਵ:** ਪਰ ਜਿਸ ਪਲ ਮੇਰੇ ਦਿਮਾਗ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਮੈਂ ਕੁਝ ਗੁਆ ਸਕਦਾ ਹਾਂ; ਇਹ ਮੇਰੀ ਜ਼ਮੀਰ ਨਾਲੋਂ ਟੁੱਟ ਜਾਂਦਾ ਹੈ ਅਤੇ ਸੁਣਨਾ ਬੰਦ ਕਰ ਦਿੰਦਾ ਹੈ ।

**"ਕਹਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ॥"**

**ਅਰਥ:** ਇਨ ਸਿਉ = ਸੰਸਾਰਿਕ ਲਾਭ ਅਤੇ ਨੁਕਸਾਨ।

ਹੇ ਭਾਈ! ਮੈਂ ਇਸ ਝੱਲੇ ਮਨ ਨੂੰ ਕੀਹ ਸਮਝਾਵਾਂ? ਇਸ ਨੇ ਇਹਨਾਂ (ਕੱਚੇ ਸਾਥੀਆਂ) ਨਾਲ ਪਿਆਰ ਪਾਇਆ ਹੋਇਆ ਹੈ।

**ਅਧਿਆਤਮਕ ਭਾਵ:** ਮੈਂ ਅਜਿਹੇ ਮਨ ਨਾਲ ਕਿਉਂ ਸੋਚਦਾ ਰਹਿੰਦਾ ਹਾਂ ਜੋ ਅਧਿਆਤਮਿਕ ਚੀਜ਼ਾਂ ਬਾਰੇ ਸੋਚਣ ਦੀ ਬਜਾਏ, ਜਿੱਤਣ ਅਤੇ ਹਾਰਨ ਦੇ ਜਨੂੰਨ ਵਿੱਚ ਫਸਿਆ ਹੋਇਆ ਹੈ?

**"ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ॥"**

**ਅਰਥ**: (ਜੇਹੜਾ ਪਰਮਾਤਮਾ) ਗਰੀਬਾਂ ਦਾ ਰਾਖਾ ਤੇ ਸਾਰੇ ਡਰ ਨਾਸ ਕਰਨ ਵਾਲਾ ਹੈ ਉਸ ਦੀ ਸਿਫ਼ਤਿ-ਸਾਲਾਹ (ਇਸ ਨੇ) ਭੁਲਾਈ ਹੋਈ ਹੈ।

**ਅਧਿਆਤਮਕ ਭਾਵ:** ਇਸ ਤਰੀਕੇ ਨਾਲ ਸੋਚ ਕੇ, ਮੈਂ ਪ੍ਰਮਾਤਮਾ ਦੇ ਚੰਗੇ ਗੁਣਾਂ ਨੂੰ ਅਣਗੌਲਿਆ ਕਰ ਰਿਹਾ ਹਾਂ ਅਤੇ ਸੰਸਾਰਿਕ ਚੀਜ਼ਾਂ ਨੂੰ ਗੁਆਉਣ ਦੇ ਡਰ ਨੂੰ ਆਪਣੇ 'ਤੇ ਹਾਵੀ ਹੋਣ ਦੇ ਰਿਹਾ ਹਾਂ ।

**"ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ॥"**

**ਅਰਥ:** ਹੇ ਭਾਈ! ਜਿਵੇਂ ਕੁੱਤੇ ਦੀ ਪੂਛਲ ਸਿੱਧੀ ਨਹੀਂ ਹੁੰਦੀ (ਇਸੇ ਤਰ੍ਹਾਂ ਇਸ ਮਨ ਦੀ ਪਰਮਾਤਮਾ ਦੀ ਯਾਦ ਵਲੋਂ ਲਾ-ਪਰਵਾਹੀ ਹਟਦੀ ਨਹੀਂ) ਮੈਂ ਬਹੁਤ ਜਤਨ ਕੀਤਾ ਹੈ।

**ਅਧਿਆਤਮਕ ਭਾਵ:** ਭਾਵੇਂ ਮੈਂ ਮਨ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕਰਦਾ ਹਾਂ, ਪਰ ਮੇਰਾ ਮਨ ਸਹੀ ਗੱਲ ਨੂੰ ਅਣਗੌਲਿਆ ਕਰਦਾ ਹੈ, ਇਨਾਮਾਂ ਲਈ ਲਾਲਚੀ ਰਹਿੰਦਾ ਹੈ, ਅਤੇ ਇਸ ਬਾਰੇ ਅਫ਼ਸੋਸ ਵੀ ਮਹਿਸੂਸ ਨਹੀਂ ਕਰਦਾ ।

**"ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ॥"**

**ਅਰਥ:** ਲਾਜ = ਸਵੈ-ਮਾਣ/ਪਤ। ਰਾਖਹੁ = ਬਣਾਈ ਰੱਖੋ, ਉੱਚਾ ਚੁੱਕੋ। ਨਾਮ = ਦੈਵੀ ਗੁਣ। ਲੀਨੋ = ਧਾਰਨ ਕਰਨਾ ।

ਹੇ ਨਾਨਕ! ਆਖ-ਹੇ ਪ੍ਰਭੂ! ਆਪਣੇ) ਮੁੱਢ-ਕਦੀਮਾਂ ਦੇ (ਪਿਆਰ ਵਾਲੇ) ਸੁਭਾਵ ਦੀ ਲਾਜ ਰੱਖ (ਮੇਰੀ ਮਦਦ ਕਰ, ਤਾਂ ਹੀ) ਮੈਂ ਤੇਰਾ ਨਾਮ ਜਪ ਸਕਦਾ ਹਾਂ।

**ਅਧਿਆਤਮਕ ਭਾਵ:** ਮੇਰਾ ਅਸਲ ਟੀਚਾ ਆਪਣੇ ਆਪ ਨੂੰ ਤੇਰੇ ਚੰਗੇ ਗੁਣਾਂ ਨਾਲ ਭਰਪੂਰ ਕਰਕੇ ਆਪਣੀ ਜ਼ਮੀਰ ਨੂੰ ਮਜ਼ਬੂਤ ਅਤੇ ਨੇਕ ਬਣਾਉਣਾ ਹੈ।

ਸ਼ਬਦ ਦੇ ਅਧਿਆਤਮਿਕ ਭਾਵ ਸ਼ਮਝਣ ਤੇ ਪਤਾ ਚਲਦਾ ਹੈ ਕਿ ਨੌਵੇਂ ਨਾਨਾਕ ਦਾ ਸ਼ਬਦ ਵੈਰਾਗ ਨਹੀਂ ਸਿਖਾਂਦਾ ਸਗੋਂ ਇਸ ਜਨਮ ਵਿੱਚ ਰਿਹ ਕੇ ਚੰਗੇ ਗੁਣਾਂ ਨਾਲ ਜੀਯ ਦੀ ਪ੍ਰੇਰਣਾ ਦੇਂਦਾ ਹੈ।

**(ਭਾਗ 2 ਅਗਲੇ ਅੰਕ ਵਿਚ ਪੜਨ ਦੀ ਕ੍ਰਿਪਾ ਕਰੋ ਜੀ)**

## Excerpts from Multiple Award-Winning Book: Living While Human

Sardarni Arwinder Kaur (Surrey BC, Canada)




arwinderkaurauthour.com

**Summary Description of the book**

How do we as humans navigate our lives in the complex world we have created? With the high speed in which we are bombarded with images, messages and conflicting ideas, how do we figure out how to live in the world without destroying it and ourselves? Why are we the only species that seems to be struggling to live truly healthy lives? Masses of us are suffering with feelings of loneliness and emptiness, killing ourselves and each other despite our sense of superiority over all other species. What makes us live the way we do? How do we live better lives with a deeper connection to ourselves, others and the Earth?

The answers are not locked away in a secret vault. In fact, they are much closer and simpler than you might realize but need to know.




Travelling the world in my youth was the best education I could have received. I learned many important life lessons about what it is to be human and how differently this is defined depending on where one happened to be born or raised. How different it, is depends on gender and race.

What is considered "suffering" or being "free" has as much to do with one's external circumstances as what goes on internally in our hearts and minds.

I have dedicated my life to giving to those around me. After attending SFU, I became a social worker specializing in the area of child

welfare for almost 30 years. I hope that, in sharing my writing, others too may find it a comfort to have a compass to help navigate their lives as humans on this planet.

**CONTENTS OF THE BOOK**

**Part One: Becomng Me**

Destiny

Getting to Know Dadi Ji

Life in the New Old World

The Great Escape

Home Sweet Home

Acknowledging My Mentors

Discovering My Calling and the Compass

**Part Two: Signs Of Humanity In Distress**

In Search of a Lost Humanity-Cultural Mutation

What of the Children?

The Art and Science of Nature

The Ponzi Scheme Economy and Corporate Dictatorship

Dangerous Liaisons. Corporations, Politicians, and Media-A Conspiracy of Misinformation, Deceit and Greed

**Part Three: re-emergence Resitituation and Reconnection**

A Call to Action

The Compass

Parting Thoughts


**PARTING THOUGHTS**

**Ode to Social Work Poem**

Excerpts of this book will be provided as a series on a monthly basis. I hope this series will lead to more community engagement, discussion and positive change. I hope you stay tuned. Any questions can be submitted to me via my website arwinderkaurauthor.com on the contact page. Also, a list of where to order the book.

Thank you to the distinguished panel of Canadian Sikh Study Centre

## ਸਰਦਾਰਨੀ ਮਨਿੰਦਰ ਕੌਰ (ਕੈਲਗਰੀ, ਕੈਨੇਡਾ)



# ਸ਼ਹੀਦ ਭਾਈ ਤਾਰੂ ਸਿੰਘ ਜੀ

***16 ਜੁਲਾਈ- ਸ਼ਹੀਦੀ ਦਿਹਾੜੇ ਤੇ ਵਿਸ਼ੇਸ਼***

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ (ਕੈਲਗਰੀ)

ਭਾਈ ਤਾਰੂ ਸਿੰਘ ਜਿਹਾ, ਜੱਗ ਤੇ ਕੋਈ ਆਇਆ ਨਾ।
ਖੋਪਰ ਲੁਹਾਇਆ, ਸਿੱਖੀ ਸਿਦਕ ਗੁਆਇਆ ਨਾ।

ਪੰਝੀ ਛੱਬੀ ਵਰ੍ਹੇ ਦਾ ਉਹ, ਕਿਰਤੀ ਕਿਸਾਨ ਸੀ।
ਬਿਰਧ ਸੀ ਮਾਤਾ, ਅਤੇ ਭੈਣ ਜਵਾਨ ਸੀ।
ਅਮਨ ਅਮਾਨ ਰਹੇ, ਮਾਮਲਾ ਭੁਲਾਇਆ ਨਾ।
ਭਾਈ ....

ਜ਼ਕਰੀਆ ਖਾਨ ਸਿੰਘ, ਸੈਂਕੜੇ ਮੁਕਾ ਲਏ।
ਬਚੇ ਜਿਹੜੇ ਉਹਨਾਂ ਡੇਰੇ, ਜੰਗਲਾਂ ਚ ਲਾ ਲਏ।
ਸੂਬੇ ਕੋਲੋਂ ਜਾਏ ਸਿੱਖੀ, ਬੀਜ ਤਾਂ ਮੁਕਾਇਆ ਨਾ।
ਭਾਈ ....

"ਭਾਈ ਤਾਰੂ ਰਸਦਾਂ ਤਾਂ, ਸਿੰਘਾਂ ਨੂੰ ਪਹੁੰਚਾਉਂਦਾ ਏ"
ਦੱਸ ਕੇ ਸੂਬੇ ਨੂੰ ਏਦਾਂ, ਸੂਹੀਆ ਭੜਕਾਉਂਦਾ ਏ।
ਲਾਈਆਂ ਹੱਥਕੜੀਆਂ ਜਾ, ਪੁੱਛਿਆ ਪੁਛਾਇਆ ਨਾ।
ਭਾਈ ...
"ਕੇਸ ਕਤਲ ਕਰ ਦਿਓ", ਹੁਕਮ ਸੁਣਾਇਆ ਏ।
ਚੱਲੀ ਨਾਹੀਂ ਕੈਂਚੀ, ਫਿਰ ਮੋਚੀ ਬੁਲਵਾਇਆ ਏ।
ਖੋਪਰੀ ਉਤਾਰੀ, ਭੈਅ ਰੱਬ ਦਾ ਵੀ ਖਾਇਆ ਨਾ।
ਭਾਈ ....

ਜ਼ਾਲਿਮ ਨੂੰ 'ਦੀਸ਼' ਸਜ਼ਾ, ਮਿਲਦੀ ਜਰੂਰ ਏ।
ਜੁੱਤੀ ਮਰਵਾਈ ਸਿਰ, ਟੁੱਟਿਆ ਗਰੂਰ ਏ।
ਝੱਲ ਲਏ ਤਸੀਹੇ ਸਿੱਖ, ਡੁੱਲਿਆ ਡੋਲਾਇਆ ਨਾ।
ਭਾਈ ....

*

## ਭਾਈ ਮਨੀ ਸਿੰਘ ਸ਼ਹੀਦ

### 9 ਜੁਲਾਈ, ਸ਼ਹੀਦੀ ਦਿਹਾੜੇ ਤੇ ਵਿਸ਼ੇਸ਼

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ (ਕੈਲਗਰੀ)

ਕੱਟੇ ਬੰਦ ਬੰਦ ਅੱਖੋਂ, ਹੰਝੂ ਇੱਕ ਚੋਇਆ ਨਾ।
ਭਾਈ ਮਨੀ ਸਿੰਘ ਜਿਹਾ, ਸ਼ਹੀਦ ਕੋਈ ਹੋਇਆ ਨਾ।

ਸੁੰਦਰ, ਸੁਡੌਲ, ਉਹ ਤਾਂ, ਯੋਧਾ ਬਲਵਾਨ ਸੀ।
ਜੰਗ ਵਿਚ ਵੈਰੀਆਂ ਲਈ, ਬਣਦਾ ਚਟਾਨ ਸੀ।
ਪੁੱਤਰ ਭਰਾ ਕੋਈ, ਗੁਰੂ ਤੋਂ ਲੁਕੋਇਆ ਨਾ।
ਭਾਈ ...

ਮਹਾਨ ਵਿਦਵਾਨ ਬਣ, ਸਿੱਖਾਂ ਨੂੰ ਪੜ੍ਹਾਉਂਦਾ ਉਹ।
ਬਣਿਆਂ ਲਿਖਾਰੀ ਅਤੇ ਬਾਣੀ ਸਮਝਾਉਂਦਾ ਉਹ।
ਵਿਸ਼ੇ ਤੇ ਵਿਕਾਰ ਕੋਈ, ਮਨ ਚ ਪਰੋਇਆ ਨਾ
ਭਾਈ ...
ਤੀਸਰਾ ਗ੍ਰੰਥੀ ਹਰਿਮੰਦਰ ਦਾ ਥਾਪਿਆ।
ਸਾਰਾ ਪ੍ਰਬੰਧ ਉਹਦੇ, ਮੋਢਿਆਂ ਤੇ ਆ ਪਿਆ।
ਦੁਸ਼ਮਣਾਂ ਮਨ ਵਿੱਚੋਂ, ਖੋਟ ਕਦੇ ਧੋਇਆ ਨਾ
ਭਾਈ...

ਜਕਰੀਆ ਖਾਂ ਟੈਕਸ, ਮੇਲੇ ਵਾਲਾ ਲਾ ਲਿਆ।
ਸਿੱਖਾਂ ਨੂੰ ਮੁਕਾਉਣ ਵਾਲਾ, ਮਤਾ ਸੀ ਪਕਾ ਲਿਆ।
ਮੰਨ ਲਈ ਸ਼ਹੀਦੀ ਓਸ, ਕੌਮ ਨੂੰ ਡੁਬੋਇਆ ਨਾ
ਭਾਈ...

ਸਿੱਖੀ 'ਚ ਸ਼ਹੀਦੀਆਂ ਦੀ, 'ਦੀਸ਼' ਆਈ ਥੋੜ੍ਹ ਨਾ।
ਸਮੇਂ ਦਿਆਂ ਜ਼ੁਲਮਾਂ ਨੂੰ, ਪੈਂਦਾ ਅਜੇ ਮੋੜ ਨਾ।
ਸੱਚ ਦਿਆਂ ਆਸ਼ਕਾਂ ਤੋਂ, ਸੱਚ ਗਿਆ ਖੋਹਿਆ ਨਾ
ਭਾਈ ...

# ਧੂੰਏਂ ਦੇ ਵਿਚਕਾਰ

ਸਰਦਾਰਨੀ ਜਸਪ੍ਰੀਤ ਕੌਰ*

ਉਸ ਸਵੇਰ ਜੋ ਮੈਂ ਵੇਖਿਆ, ਉਹ ਮੇਰੀ ਯਾਦ ਵਿੱਚ ਅੱਜ ਵੀ ਧੂੰਏਂ ਵਾਂਗ ਰੁਕਿਆ ਹੋਇਆ ਹੈ। ਪਿੰਡ ਉੱਤੇ ਸਿਰਫ਼ ਬੱਦਲਾਂ ਦਾ ਬੋਝ ਨਹੀਂ ਸੀ। ਇੱਕ ਅਜਿਹੀ ਚੁੱਪ ਵੀ ਸੀ ਜੋ ਹਰ ਘਰ, ਹਰ ਗਲੀ ਅਤੇ ਹਰ ਚਿਹਰੇ ਉੱਤੇ ਉਤਰ ਆਈ ਸੀ। ਲੱਗਦਾ ਸੀ ਜਿਵੇਂ ਹਵਾ ਵੀ ਹੌਲੀ ਹੋ ਗਈ ਹੋਵੇ, ਤਾਂ ਜੋ ਕਿਸੇ ਦੇ ਦੁੱਖ ਨੂੰ ਛੂਹ ਨਾ ਲਵੇ। ਕਿਸੇ ਨੇ ਕੁਝ ਨਹੀਂ ਕਿਹਾ, ਪਰ ਸਭ ਨੂੰ ਪਤਾ ਸੀ ਕਿ ਇਹ ਦਿਨ ਹੋਰ ਦਿਨਾਂ ਵਰਗਾ ਨਹੀਂ ਹੋਵੇਗਾ।

ਆਸਮਾਨ ਸਲੇਟੀ ਸੀ, ਜਿਵੇਂ ਰਾਤ ਹਾਲੇ ਵੀ ਰੁਕਣਾ ਚਾਹੁੰਦੀ ਹੋਵੇ। ਗਲੀਆਂ ਵਿਚ ਆਮ ਦਿਨਾਂ ਵਾਲੀ ਰੌਣਕ ਨਹੀਂ ਸੀ। ਕੋਈ ਸਾਈਕਲ ਦੀ ਘੰਟੀ ਨਹੀਂ, ਕੋਈ ਬੱਚਿਆਂ ਦੀ ਆਵਾਜ਼ ਨਹੀਂ। ਮਾਵਾਂ ਨੇ ਬੱਚਿਆਂ ਨੂੰ ਘਰ ਵਿੱਚ ਟੀਵੀ ਲਾ ਕੇ ਰੋਕ ਕੇ ਰੱਖਿਆ ਸੀ। ਕੁਝ ਮੁੰਡੇ ਕਿਸੇ ਦੇ ਘਰ ਦੀ ਕੋਠੜੀ ਵਿਚ ਬੈਠ ਕੇ ਰੇਡੀਓ ’ਤੇ ਮੈਚ ਦੀ ਕਮੈਂਟਰੀ ਸੁਣ ਰਹੇ ਸਨ—ਪਰ ਅੱਜ ਉਹਨਾਂ ਦੀਆਂ ਆਵਾਜ਼ਾਂ ਵੀ ਹੌਲੀਆਂ ਪੈ ਗਈਆਂ ਸਨ।

ਸੁਰਜਾ ਰਾਤ ਨੂੰ ਸੌਂ ਨਾ ਸਕਿਆ। ਦਿਲ ਬੇਚੈਨੀ ਨਾਲ ਭਰਿਆ ਸੀ। ਜਮੀਨ ’ਤੇ ਵਿਛੇ ਹੋਏ ਗੱਦੇ ’ਤੇ ਸਾਰਾ ਟੱਬਰ ਸਿਰ ’ਤੇ ਹੱਥ ਰੱਖ ਕੇ ਪਤਾ ਨਹੀਂ ਕੀ ਸੋਚ ਰਿਹਾ ਸੀ। ਸਿਸਕੀਆਂ ਦੀ ਗੂੰਜ ਮਾਹੌਲ ਨੂੰ ਹੋਰ ਸਰਦ ਕਰ ਰਹੀ ਸੀ। ਭਿੱਜੇ ਰੁਮਾਲ ਅੱਥਰੂਆਂ ਨੂੰ ਹੋਰ ਸੋਖ ਨਾ ਸਕੇ। ਆਂਗਣ ਦੀ ਮਿੱਟੀ ਵੀ ਰਾਤ ਨੂੰ ਵਰ੍ਹੇ ਮੀਂਹ ਨੂੰ ਸੋਖ ਨਾ ਸਕੀ—ਨਰਮ ਪੈ ਗਈ ਸੀ। ਪੈਰ ਪੈਂਦੇ ਹੀ ਦਬ ਜਾਂਦੀ। ਕਿਨਾਰਿਆਂ ’ਤੇ ਪਾਣੀ ਠਹਿਰਿਆ ਹੋਇਆ ਸੀ, ਬਿਲਕੁਲ ਚੁੱਪ।

ਕੁਝ ਆਦਮੀ ਇਕੱਠੇ ਖੜ੍ਹੇ ਸਨ। ਕਿਸੇ ਦੇ ਹੱਥ ਵਿਚ ਅਖ਼ਬਾਰ ਸੀ—ਮੁੜਿਆ ਹੋਇਆ, ਨਾ ਖੁੱਲ੍ਹਿਆ। ਜਿਵੇਂ ਉਹਨੂੰ ਖੋਲ੍ਹਣ ਦੀ ਹਿੰਮਤ ਕਿਸੇ ਵਿਚ ਨਾ ਹੋਵੇ। ਕਿਸੇ ਨੇ ਪੱਗ ਮੁੜ ਬੰਨ੍ਹੀ, ਬਿਨਾਂ ਆਇਨੇ ਦੇ। ਕੋਈ ਵਾਰ-ਵਾਰ ਜੁੱਤੀ ਨਾਲ ਮਿੱਟੀ ਖੁਰਚਦਾ—ਜਿਵੇਂ ਅੰਦਰਲੀ ਘਬਰਾਹਟ ਨੂੰ ਜਮੀਨ ਵਿੱਚ ਗਾੜ੍ਹ ਰਿਹਾ ਹੋਵੇ।

ਫਿਰ ਸਮਾਂ ਆ ਗਿਆ ਜਦੋਂ ਘਰ ਤੋਂ ਤੁਰਨ ਦਾ। ਪੈਰਾਂ ਦੀ ਫੁਸਫੁਸਾਹਟ ਤੇ ਦਬੀਆਂ ਸਿਸਕੀਆਂ ਦੀ ਆਵਾਜ਼ ਰੂਹ ਤੱਕ ਕੰਬਨ ਪਾ ਗਈ। ਸੁਰਜਾ ਦੀਆਂ ਅੱਖਾਂ ਸੁੱਕੀਆਂ ਸਨ। ਨਜ਼ਰ ਅੱਗੇ ਟਿਕੀ ਹੋਈ—ਜਿਵੇਂ ਅੱਖਾਂ ਵੀ ਹੁਣ ਰੋਣ ਤੋਂ ਇਨਕਾਰ ਕਰ ਚੁੱਕੀਆਂ ਹੋਣ। ਜਦੋਂ ਅੱਗੇ ਤੁਰਿਆ ਗਿਆ, ਤਾਂ ਪਿੱਛੇ ਰਹਿ ਗਿਆ ਘਰ—ਦਰਵਾਜ਼ਾ ਅੱਧਾ ਖੁੱਲ੍ਹਾ, ਆਂਗਣ ਚੁੱਪ। ਇੱਕ ਕੂੱਕ ਸੁਣੀ,

“ਵੇ, ਨਾ ਲੈ ਜਾ, ਸੂਰਜਿਆ…”

ਆਵਾਜ਼ ਹੌਲੀ-ਹੌਲੀ ਮੱਧਮ ਹੋ ਕੇ ਦੱਬ ਗਈ—ਜਿਵੇਂ ਕਿਸੇ ਨੇ ਦੁੱਖ ਨੂੰ ਵੀ ਆਵਾਜ਼ ਦੇਣ ਤੋਂ ਰੋਕ ਲਿਆ ਹੋਵੇ।

ਮੈਂ ਵੀ ਦੂਰੋਂ ਵੇਖਦਿਆਂ ਸੋਚਦੀ ਰਹੀ ਕਿ ਖੋਰੇ ਕਿਵੇਂ ਕਿਸੇ ਆਪਣੇ ਨੂੰ ਕੋਈ ਅਖ਼ਬਾਰ ਦੀ ਖ਼ਬਰ ਬਣਾ ਦਿੰਦਾ ਹੈ। ਉਸ ਪਲ ਮੈਨੂੰ ਇਹ ਵੀ ਲੱਗਿਆ ਕਿ ਲੋਕ ਕੁਝ ਸਮੇਂ ਬਾਅਦ ਮੌਤ ਦਾ ਕਾਰਨ ਪੁੱਛਣਾ ਛੱਡ ਦਿੰਦੇ ਹਨ। ਉਹਨਾਂ ਨੂੰ ਯਾਦ ਰਹਿੰਦਾ ਹੈ ਤਾਂ ਸਿਰਫ਼ ਉਹ ਦਿਨ, ਉਹ ਚੁੱਪ ਅਤੇ ਉਹ ਧੂੰਆ ਜੋ ਲੰਮੇ ਸਮੇਂ ਤੱਕ ਅੰਦਰ ਹੀ ਅੰਦਰ ਉੱਠਦਾ ਰਹਿੰਦਾ ਹੈ।

ਕੱਲ੍ਹ ਤੱਕ ਜੋ ਆਵਾਜ਼ਾਂ ਇਸ ਗਲੀ ਵਿੱਚ ਵੱਸਦੀਆਂ ਸਨ, ਅੱਜ ਉਹਨਾਂ ਦੀ ਥਾਂ ਚੁੱਪ ਨੇ ਲੈ ਲਈ ਸੀ। ਦੋ ਢੀਂਗਾ ਤੁਰ ਕੇ ਪੁੱਜ ਗਏ—ਪਰ ਲੱਗਿਆ ਜਿਵੇਂ ਇਹ ਰਸਤਾ ਕਦੇ ਮੁੱਕਣਾ ਹੀ ਨਹੀਂ।

ਪਿੰਡ ਦੀ ਇਹੋ ਗਲੀ ਸੀ ਜਿਸ ਵਿੱਚ ਕਦੇ ਹਾਸੇ ਗੂੰਜਦੇ ਸਨ। ਅੱਜ ਉਹੀ ਗਲੀ ਪੈਰਾਂ ਦੀਆਂ ਆਹਟਾਂ ਵੀ ਹੌਲੀਆਂ ਕਰ ਰਹੀ ਸੀ। ਲੱਗਦਾ ਸੀ ਜਿਵੇਂ ਕੰਧਾਂ ਵੀ ਜਾਣਦੀਆਂ ਹੋਣ ਕਿ ਅੱਜ ਕਿਸੇ ਨੂੰ ਆਵਾਜ਼ ਦੇਣੀ ਨਹੀਂ।

ਸੂਰਜੇ ਦਾ ਅੱਠਾਂ ਸਾਲਾਂ ਦਾ ਮੁੰਡਾ ਤੇ ਦੋ ਸਾਲਾਂ ਦੀ ਕੁੜੀ ਵੀ ਅੱਜ ਚੁੱਪ ਸਨ। ਨਿੱਕੀ ਜਿਹੀ ਕੁੜੀ ਕਦੇ ਕਿਸੇ ਦੀ ਗੋਦ ’ਚ ਤੇ ਕਦੇ ਕਿਸੇ ਦੀ ਗੋਦ ’ਚ ਚੜ੍ਹਦੀ—ਪਰ ਉਸਨੂੰ ਟੇਕ ਨਹੀਂ ਸੀ। ਬੱਸ ਆਪਣੇ ਮਾਂ-ਪਿਉ ਨੂੰ ਰੋਂਦਾ ਕੁਰਲਾਉਂਦਾ ਵੇਖਦੀ ਰਹੀ—ਅੱਖਾਂ ’ਚ ਸਵਾਲ ਸਨ, ਜਿਨ੍ਹਾਂ ਦਾ ਕੋਈ ਜਵਾਬ ਨਹੀਂ ਸੀ।

ਅੱਠਾਂ ਸਾਲਾਂ ਦਾ ਛੋਟਾ ਜਿਹਾ ਮੁੰਡਾ ਅਚਾਨਕ ਵੱਡਾ ਜਾਪਣ ਲੱਗ ਪਿਆ। ਆਪਣੇ ਪਿਓ ਦੇ ਨਾਲ ਲੱਕੜਾਂ ਨੂੰ ਹੌਲੀ-ਹੌਲੀ ਘਸੀਟ ਕੇ ਨੇੜੇ ਰੱਖਣ ਲੱਗ ਪਿਆ—ਜਿਵੇਂ ਬਚਪਨ ਇੱਕ ਪਲ ਵਿੱਚ ਉਸਦੇ ਹੱਥਾਂ ਵਿਚੋਂ ਫਿਸਲ ਗਿਆ ਹੋਵੇ।

ਉਹ ਵਾਰ-ਵਾਰ ਆਪਣੇ ਪਿਓ ਵੱਲ ਵੇਖਦਾ, ਜਿਵੇਂ ਹਰ ਕੰਮ ਕਰਨ ਤੋਂ ਪਹਿਲਾਂ ਇਜਾਜ਼ਤ ਮੰਗਦਾ ਹੋਵੇ। ਪਰ ਅੱਜ ਪਿਓ ਦੀਆਂ ਅੱਖਾਂ ਕਿਸੇ ਹੋਰ ਪਾਸੇ ਸਨ। ਪਹਿਲੀ ਵਾਰ ਉਸਨੂੰ ਸਮਝ ਆਈ ਕਿ ਕੁਝ ਰਾਹ ਆਪਣੇ ਆਪ ਤੁਰਣੇ ਪੈਂਦੇ ਹਨ।

ਆਂਗਣ ਤੋਂ ਪਰੇ ਟਾਲੀ ਦਾ ਉਹ ਰੁੱਖ ਖੜ੍ਹਾ ਸੀ—ਸਭ ਤੋਂ ਵੱਖਰਾ। ਉਸਦੀ ਛਾਲ ਮੋਟੀ ਸੀ, ਟਾਹਣੀਆਂ ਫੈਲੀਆਂ ਹੋਈਆਂ। ਇਕ ਪਲ ਲਈ ਕਿਸੇ ਨੇ ਹੱਥ ਉਸਦੇ ਤਣੇ ’ਤੇ ਰੱਖਿਆ। ਹੱਥ ਹੌਲੀ ਹਟ ਗਿਆ, ਪਰ ਛੂਹ ਅਟਕੀ ਰਹਿ ਗਈ—ਜਿਵੇਂ ਯਾਦਾਂ ਵੀ ਉੱਥੇ ਹੀ ਜਮ ਗਈਆਂ ਹੋਣ।

ਹਰ ਸਵੇਰ ਉਹ ਇਸੇ ਟਾਲੀ ਹੇਠ ਕੁਝ ਪਲ ਖੜ੍ਹਾ ਰਹਿੰਦਾ। ਹੱਥ ਵਿਚ ਚਾਹ ਦਾ ਕੱਪ ਹੁੰਦਾ, ਤੇ ਨਜ਼ਰ ਖੇਤਾਂ ਵੱਲ। ਕਦੇ ਕਿਸੇ ਨੂੰ ਆਵਾਜ਼ ਮਾਰ ਲੈਂਦਾ, ਕਦੇ ਬਿਨਾਂ ਕੁਝ ਕਹੇ ਮੁਸਕਰਾ ਦਿੰਦਾ। ਅੱਜ ਟਾਲੀ ਤਾਂ ਓਥੇ ਹੀ ਖੜ੍ਹੀ ਸੀ, ਪਰ ਉਸ ਸਵੇਰ ਦੀ ਉਹ ਛੋਟੀ ਜਿਹੀ ਆਦਤ ਵੀ ਜਿਵੇਂ ਧੂੰਏਂ ਨਾਲ ਰਲ ਕੇ ਕਿਤੇ ਗੁੰਮ ਹੋ ਗਈ ਸੀ।

ਕਦੇ ਇਸੀ ਥਾਂ ਉਸਨੇ ਮਿੱਟੀ ਖੋਦ ਕੇ ਇਕ ਨੰਨਾ ਬੂਟਾ ਲਾਇਆ ਸੀ। ਪਾਣੀ ਟਿਨ ਵਿਚ ਭਰ ਕੇ ਲਿਆਂਦਾ ਗਿਆ ਸੀ। ਮਿੱਟੀ ਨੂੰ ਪੈਰਾਂ ਨਾਲ ਦਬਾਇਆ ਗਿਆ ਸੀ। ਅੱਜ ਰੁੱਖ ਉੱਚਾ ਸੀ—ਚੁੱਪ, ਪਰ ਮੌਜੂਦ। ਜਿਵੇਂ ਉਹ ਸਭ ਕੁਝ ਦੇਖ ਰਿਹਾ ਹੋਵੇ।

ਲੱਕੜ ਇਕ ਪਾਸੇ ਢੇਰੀ ਕਰਕੇ ਰੱਖੇ ਸਨ। ਛਾਲ ਨਮੀ ਨਾਲ ਕਾਲੀ ਪੈ ਗਈ ਸੀ। ਉਨ੍ਹਾਂ ’ਚੋਂ ਮਿੱਟੀ ਦੀ ਗੰਧ ਆ ਰਹੀ ਸੀ। ਇਕ ਨੌਜਵਾਨ ਲੱਕੜਾਂ ਕੋਲ ਖੜ੍ਹਾ ਸੀ। ਉਹ ਹੱਥ ਚੁੱਕਦਾ, ਫਿਰ ਥੱਲੇ ਰੱਖ ਲੈਂਦਾ। ਅਖੀਰ ਇਕ ਲੱਕੜ ਚੁੱਕੀ। ਹਥੇਲੀ ਭਿੱਜ ਗਈ। ਉਸਨੇ ਹੱਥ ਕੁੜਤੇ ਨਾਲ ਪੂੰਝਿਆ।

ਨੌਜਵਾਨ (ਹੌਲੀ): “ਹਾਲੇ ਵੀ ਭਿੱਜੇ ਨੇ…” ਕੋਈ ਜਵਾਬ ਨਹੀਂ ਆਇਆ।

ਚੁੱਪ ਵੀ ਕਈ ਵਾਰ ਜਵਾਬ ਹੁੰਦੀ ਹੈ। ਉਸ ਦਿਨ ਹਰ ਕੋਈ ਕੁਝ ਕਹਿਣਾ ਚਾਹੁੰਦਾ ਸੀ, ਪਰ ਸ਼ਬਦ ਧੂੰਏਂ ਵਾਂਗ ਅੰਦਰ ਹੀ ਅਟਕ ਗਏ ਸਨ।

ਹਵਾ ਚੱਲੀ। ਦੂਰ ਖੇਤਾਂ ਵਿਚ ਟਾਲੀ ਦੇ ਰੁੱਖ ਹਿਲੇ। ਪੱਤੇ ਇਕ-ਦੂਜੇ ਨਾਲ ਟਕਰਾਏ—ਫਿਰ ਚੁੱਪ ਹੋ ਗਏ।

ਇਕ ਬਜ਼ੁਰਗ ਆਦਮੀ ਆਂਗਣ ਦੇ ਵਿਚਕਾਰ ਆਇਆ। ਉਸਨੇ ਜ਼ਮੀਨ ਵੱਲ ਵੇਖਿਆ—ਜਿਵੇਂ ਥਾਂ ਨੂੰ ਤੋਲ ਰਿਹਾ ਹੋਵੇ।

ਬਜ਼ੁਰਗ: “ਇੱਥੇ।”

ਲੱਕੜ ਇਕ-ਇਕ ਕਰਕੇ ਚੁੱਕੇ ਗਏ। ਕੋਈ ਗਿਣਤੀ ਨਹੀਂ। ਕੋਈ ਹੜਬੜਾਹਟ ਨਹੀਂ। ਸਿਰਫ਼ ਹੱਥਾਂ ਦੀ ਹਲਚਲ—ਜਿਵੇਂ ਹਰ ਹੱਥ ਵਿੱਚ ਇਕ ਅਣਕਿਹਾ ਦੁੱਖ ਸੀ।

ਘਰ ਦੇ ਦਰਵਾਜ਼ੇ ਕੋਲ ਇਕ ਔਰਤ ਨੇ ਪਾਣੀ ਦਾ ਲੋਟਾ ਰੱਖ ਦਿੱਤਾ। ਉਸਨੇ ਅੰਦਰ ਵੱਲ ਝਾਤ ਮਾਰੀ—ਜਿਵੇਂ ਉਮੀਦ ਕਰਦੀ ਹੋਵੇ ਕਿ ਕੋਈ ਅੰਦਰੋਂ ਬੁਲਾ ਲਵੇਗਾ। ਫਿਰ ਚੁੱਪ-ਚਾਪ ਪਿੱਛੇ ਹਟ ਗਈ।

ਕਿਸੇ ਦੇ ਮੋਬਾਇਲ ਦੀ ਘੰਟੀ ਵੱਜੀ। ਆਵਾਜ਼ ਅੱਧੀ ਰਹਿ ਗਈ। ਫ਼ੋਨ ਜੇਬ ਵਿਚ ਹੀ ਬੰਦ ਹੋ ਗਿਆ—ਜਿਵੇਂ ਇਸ ਵੇਲੇ ਕੋਈ ਵੀ ਆਵਾਜ਼ ਬੇਅਦਬੀ ਲੱਗਦੀ ਹੋਵੇ।

ਅੱਗ ਲਾਉਣ ਦੀ ਕੋਸ਼ਿਸ਼ ਹੋਈ। ਪਹਿਲਾਂ ਸਿਰਫ਼ ਧੂੰਆ ਉੱਠਿਆ—ਪਤਲਾ, ਫਿਰ ਗੂੜ੍ਹਾ। ਲੱਕੜਾਂ ਨੇ ਅੱਗ ਫੜਨ ਤੋਂ ਇਨਕਾਰ ਕਰ ਦਿੱਤਾ, ਜਿਵੇਂ ਉਹ ਵੀ ਹਾਲੇ ਤਿਆਰ ਨਾ ਹੋਣ।

“ਤੇਲ ਹੋਰ ਪਾਓ... ਜਲਦੀ ਕਰੋ,” ਕਿਸੇ ਨੇ ਹੌਲੀ ਪਰ ਬੇਚੈਨ ਆਵਾਜ਼ ’ਚ ਕਿਹਾ।

ਹੱਥ ਤੇਜ਼ ਹੋ ਗਏ। ਬੋਤਲ ਦਾ ਢੱਕਣ ਜ਼ੋਰ ਨਾਲ ਮੁੜਿਆ। ਕੁਝ ਬੂੰਦਾਂ ਡਿੱਗੀਆਂ—ਕਿਸੇ ਨੇ ਉਨ੍ਹਾਂ ਨੂੰ ਫੈਲਾਇਆ, ਕਿਸੇ ਨੇ ਲੱਕੜਾਂ ਨੂੰ ਠੀਕ ਕੀਤਾ।

ਇਕ ਹੋਰ ਆਵਾਜ਼ ਆਈ, “ਹਵਾ ਸਿੱਧੀ ਐ... ਫੜ ਲਵੇਗੀ ਹੁਣ।”

ਧੂੰਆ ਵਧਦਾ ਗਿਆ। ਅੱਖਾਂ ਚੁਭਣ ਲੱਗੀਆਂ। ਕਿਸੇ ਨੇ ਅੱਖਾਂ ਪੂੰਝੀਆਂ, ਕਿਸੇ ਨੇ ਮੂੰਹ ਦੂਜੇ ਪਾਸੇ ਕਰ ਲਿਆ। ਧੂੰਆ ਸਭ ਦੀਆਂ ਅੱਖਾਂ ਵਿੱਚ ਇੱਕੋ ਜਿਹਾ ਚੁਭ ਰਿਹਾ ਸੀ, ਪਰ ਹਰ ਇੱਕ ਦਾ ਦੁੱਖ ਆਪਣਾ-ਆਪਣਾ ਸੀ।

ਲੋਕ ਥੋੜ੍ਹੇ ਪਿੱਛੇ ਹਟੇ, ਪਰ ਨਜ਼ਰਾਂ ਉਥੇ ਹੀ ਟਿਕੀਆਂ ਰਹੀਆਂ। ਕਿਸੇ ਨੇ ਘੜੀ ਵੱਲ ਵੇਖਿਆ—ਫਿਰ ਜਲਦੀ ਨਾਲ ਹੱਥ ਹਟਾ ਲਿਆ, ਜਿਵੇਂ ਇਹ ਵੀ ਗਲਤ ਹੋਵੇ।

ਕੁਝ ਹੀ ਪਲ ਪਹਿਲਾਂ ਇਹੀ ਹੱਥ ਮੱਥੇ ਫੜੇ ਰੋ ਰਹੇ ਸਨ—ਹੌਲੀ-ਹੌਲੀ, ਬੇਅੰਤ। ਹੁਣ ਉਹੀ ਹੱਥ ਲੱਕੜਾਂ ਨੂੰ ਠੀਕ ਕਰ ਰਹੇ ਸਨ—ਤੇਜ਼, ਬੇਚੈਨ, ਜਿਵੇਂ ਸਮਾਂ ਕਿਤੇ ਨਿਕਲ ਨਾ ਜਾਵੇ।

ਇਕ ਨੌਜਵਾਨ ਨੇ ਸੁੱਕੀ ਲੱਕੜ ਲੱਭਣ ਲਈ ਢੇਰੀ ਖੰਗਾਲੀ।

“ਇਹ ਵਾਲੀ ਲਾ ਦੇ... ਇਹ ਫੜ ਲਵੇਗੀ ਜਲਦੀ,” ਉਹ ਕਹਿੰਦਾ ਹੈ।

ਧੂੰਆ ਹੋਰ ਵੀ ਗਾੜ੍ਹਾ ਹੋ ਗਿਆ। ਹੁਣ ਧੂੰਆ ਸਿਰਫ਼ ਲੱਕੜਾਂ ਵਿੱਚੋਂ ਨਹੀਂ ਉੱਠ ਰਿਹਾ ਸੀ। ਉਹ ਹਰ ਉਸ ਚਿਹਰੇ ਵਿੱਚੋਂ ਵੀ ਉੱਠ ਰਿਹਾ ਸੀ ਜਿਸਨੇ ਕੁਝ ਨਾ ਕੁਝ ਗੁਆਇਆ ਸੀ। ਅੱਗ ਇੱਕ ਸਰੀਰ ਨੂੰ ਸਾੜ ਰਹੀ ਸੀ, ਪਰ ਧੂੰਆ ਸਭ ਦੇ ਅੰਦਰ ਫੈਲ ਰਿਹਾ ਸੀ।

ਖੰਘ ਦਬਾਈ ਗਈ। ਅੱਖਾਂ ਦੇ ਪਾਣੀ ਨੂੰ ਕਿਸੇ ਨੇ ਧੂੰਏਂ ਦੇ ਸਿਰ ਲਾ ਦਿੱਤਾ। ਅੱਗ ਹਾਲੇ ਵੀ ਨਹੀਂ ਸੀ। ਜਿਵੇਂ ਕੋਈ ਰੁਕਣਾ ਚਾਹੁੰਦਾ ਹੋਵੇ—ਤੇ ਬਾਕੀ ਸਭ ਉਸਨੂੰ ਤੁਰਨ ਲਈ ਮਨਾਉਂਦੇ ਹੋਣ।

ਫਿਰ ਇਕਾਏਂ ਲਪਟ ਨਿਕਲੀ। ਛੋਟੀ ਜਿਹੀ। ਕਿਸੇ ਨੇ ਫੌਰਨ ਤੇਲ ਪਾਇਆ। ਲਪਟ ਵੱਡੀ ਹੋ ਗਈ।

“ਹਾਂ, ਹੁਣ ਫੜ ਗਈ,” ਕਿਸੇ ਨੇ ਕਿਹਾ—ਇਕ ਹੌਲੀ ਰਾਹਤ ਨਾਲ।

ਇਕ ਬੁੱਢੀ ਔਰਤ ਖੰਘੀ। ਉਸਨੇ ਚੁੰਨੀ ਨਾਲ ਮੂੰਹ ਢੱਕਿਆ। ਅੱਖਾਂ ਪਾਣੀ ਨਾਲ ਭਰ ਗਈਆਂ—ਪਰ ਇਹ ਸਿਰਫ਼ ਧੂੰਏਂ ਕਰਕੇ ਨਹੀਂ ਸੀ।

ਉਸਦੀਆਂ ਧੀਆਂ ਨੇ ਚੁੰਨੀਆਂ ਸਿਰ ’ਤੇ ਖਿੱਚੀਆਂ। ਪਹਿਲਾਂ ਕੋਲ ਖੜ੍ਹੀਆਂ ਰਹੀਆਂ। ਇਕ ਨੇ ਅੱਖਾਂ ਮਲੀਆਂ, ਦੂਜੀ ਨੇ ਮੂੰਹ ਫੇਰਿਆ—ਫਿਰ ਮੁੜ ਅੱਗ ਵੱਲ ਵੇਖਿਆ। ਛੋਟੀ ਧੀ ਅਚਾਨਕ ਦੋਹਰੀ ਹੋ ਗਈ। ਇਕ ਕਦਮ ਪਿੱਛੇ ਹਟੀ। ਵੱਡੀ ਨੇ ਉਸਦੀ ਕਲਾਈ ਫੜੀ—ਥੋੜ੍ਹੀ ਦੇਰ ਲਈ। ਫਿਰ ਦੋਵੇਂ ਇਕ-ਇਕ ਕਦਮ ਹੋਰ ਪਿੱਛੇ ਸਰਕ ਗਈਆਂ। ਉਹ ਓਥੇ ਰਹਿਣਾ ਚਾਹੁੰਦੀਆਂ ਸਨ—ਪਰ ਧੂੰਏਂ ਨੇ ਫ਼ਾਸਲਾ ਆਪ ਤੈਅ ਕਰ ਲਿਆ।

ਬੁੱਢੀ (ਧੀਮੇ):

"ਸਵੇਰੇ ਸਾਰੇ ਉੱਠਣ ਤੋਂ ਪਹਿਲਾਂ ਉੱਠ ਜਾਂਦਾ ਸੀ..."

ਤੇਲ ਦੀ ਬੋਤਲ ਦਾ ਢੱਕਣ ਖੁੱਲ੍ਹਿਆ। ਕੁਝ ਬੂੰਦਾਂ ਡਿੱਗੀਆਂ। ਮਿੱਟੀ 'ਚ ਗੋਲ ਦਾਗ ਬਣ ਗਏ—ਜਿਵੇਂ ਜ਼ਮੀਨ ਵੀ ਇਹ ਸਭ ਆਪਣੇ ਅੰਦਰ ਸੰਭਾਲ ਰਹੀ ਹੋਵੇ।

ਅਚਾਨਕ ਲਪਟ ਭੜਕੀ। ਲੱਕੜਾਂ ਚਟ-ਚਟ ਕਰਨ ਲੱਗੀਆਂ। ਅੱਗ ਉੱਪਰ ਵੱਲ ਚੜ੍ਹੀ। ਕਿਸੇ ਨੇ ਲੰਮੀ ਸਾਹ ਛੱਡੀ। ਕਿਸੇ ਨੇ ਪੱਗ ਠੀਕ ਕੀਤੀ। ਕਿਸੇ ਨੇ ਨਜ਼ਰਾਂ ਹੇਠਾਂ ਕਰ ਲੀਆਂ।

ਇੱਕ ਨੌਜਵਾਨ ਟਾਲੀ ਕੋਲ ਖੜ੍ਹਾ ਰਿਹਾ। ਉਸਦੀ ਨਜ਼ਰ ਅੱਗ 'ਤੇ ਨਹੀਂ ਸੀ—ਖੇਤਾਂ ਵੱਲ ਸੀ। ਉਸਦੇ ਹੋਠ ਹਿਲੇ, ਪਰ ਆਵਾਜ਼ ਨਹੀਂ ਨਿਕਲੀ—ਜਿਵੇਂ ਕੁਝ ਗੱਲਾਂ ਅੱਗ ਤੋਂ ਵੀ ਵੱਡੀਆਂ ਹੁੰਦੀਆਂ ਨੇ।

ਧੂੰਆ ਉੱਪਰ ਚੜ੍ਹਦਾ ਗਿਆ। ਸਲੇਟੀ ਆਸਮਾਨ 'ਚ ਰਲਦਾ ਗਿਆ—ਜਿਵੇਂ ਕਿਸੇ ਦੀ ਪਛਾਣ ਹੌਲੀ-ਹੌਲੀ ਮਿਟਦੀ ਜਾ ਰਹੀ ਹੋਵੇ।

ਲੋਕ ਇਕ-ਇਕ ਕਰਕੇ ਮੁੜ ਗਏ। ਆੰਗਣ ਖਾਲੀ ਹੋ ਗਿਆ। ਮਿੱਟੀ ਵਿਚ ਪੈਰਾਂ ਦੇ ਨਿਸ਼ਾਨ ਰਹਿ ਗਏ—ਫਿਰ ਹੌਲੀ-ਹੌਲੀ ਭਰ ਗਏ।

ਸਿਰਫ਼ ਟਾਲੀ ਦਾ ਰੁੱਖ ਰਹਿ ਗਿਆ।

ਸ਼ਾਇਦ ਇਹੀ ਧੂੰਆ ਸਭ ਤੋਂ ਲੰਮਾ ਜੀਊਂਦਾ ਹੈ। ਅੱਗ ਬੁੱਝ ਜਾਂਦੀ ਹੈ, ਲੋਕ ਘਰ ਮੁੜ ਜਾਂਦੇ ਹਨ, ਪਰ ਉਸ ਦਿਨ ਦਾ ਧੂੰਆ ਯਾਦਾਂ ਵਿੱਚ ਰੁਕਿਆ ਰਹਿੰਦਾ ਹੈ।

ਪੱਤੇ ਹਿਲੇ।

ਚੁੱਪ।

ਅਤੇ ਧੂੰਆ।

# ਗੁਰੂ ਹਰਿ ਰਾਏ ਸਹਿਬ – ਬਖਸ਼ਾਂ: ਭਾਗ 2

ਡਾ. ਕਾਬਲ ਸਿੰਘ (ਐਡਮਿੰਟਨ, ਕੈਨੇਡਾ)

**(ਲੜੀ ਜੋੜਨ ਲਈ ਭਾਗ 1 ਪਿਛਲੇ ਅੰਕ ਵਿਚ ਪੜਨ ਦੀ ਕ੍ਰਿਪਾ ਕਰਨੀ ਜੀ)**

**ਬਖਸ਼ ਸੁੱਥਰੇ ਸ਼ਾਹ**: ਚੰਦ੍ਰਾਮਲ ਦਾ ਜਨਮ ਬਾਰਾਮੂਲਾ ਨੇੜੇ ਪਿੰਡ ਬੁਹਰਾਮਪੁਰ ਵਿਚ ਹੋਇਆ। ਜੰਮਦਿਆਂ ਹੀ ਮੂੰਹ ਵਿਚ ਦੰਦੀਆਂ ਹੋਣ ਕਾਰਨ ਉਸ ਨੂੰ ਕੁਸ਼ਗਨਾ ਸਮਝ ਕੇ ਮਾਪੇ ਬਾਹਰ ਸੁੱਟ ਗਏ। ਗੁਰੂ ਹਰਗੋਬਿੰਦ ਸਾਹਿਬ ਦੇ ਕੰਨੀ ਬਚੇ ਦੇ ਰੋਣ ਦੀ ਅਵਾਜ ਪਈ ਤਾਂ ਉਨ੍ਹਾਂ ਕਿਹਾ, "ਕਿਹਾ ਸੁਥਰਾ ਬਾਲ ਪਿਆ ਹੈ, ਚੁਕ ਕੇ ਸੰਭਾਲ ਤੇ ਪਾਲਣ ਦਾ ਪ੍ਰਬੰਧ ਕਰੋ", ਜਿਸ ਕਰਕੇ ਉਸਦਾ ਨਾਮ ਹੀ ਸੁਥਰਾ ਪੈ ਗਿਆ।

ਪੰਜ ਸਾਲਾਂ ਦਾ ਹੋਇਆ ਤਾਂ ਮਾਪੇ ਬੱਚੇ ਨੂੰ ਘਰ ਲੈ ਗਏ। ਮਾਪੇ ਗੁਜਰਨ ਉਪਰੰਤ ਘਰ ਦਾ ਸਾਰਾ ਧਨ ਮਾਲ ਧਰਮ ਅਰਥ ਕਰਕੇ ਸੁੱਥਰਾ ਗੁਰੂ ਦੇ ਚਰਾਂ ਵਿਚ ਆ ਗਿਆ। ਮਹਾਰਾਜ ਨੇ ਆਉਂਦਿਆ ਹੀ ਕਿਹਾ, "ਆਓ ਸੁੱਥਰੇ ਸ਼ਾਹ"। ਲੋਕ ਵੀ ਸੁੱਥਰੇ ਸ਼ਾਹ ਕਹਿਣ ਲੱਗ ਪਏ।

ਬੜੇ ਕੌਤਕੀ ਢੰਗ ਨਾਲ ਵਿਚਰਦੇ ਤੇ ਪ੍ਰਚਾਰ ਕਰਦੇ ਸਨ। ਇਕ ਵਾਰ ਗੁਰੂ ਦਰਬਾਰ ਵਿਚ ਭੀੜ ਅਗੇ ਨ ਜਾਣ ਦੇਵੇ। ਇਸ ਨੇ ਠੀਕਰੀਆਂ ਦੀ ਬੋਰੀ ਭਰ ਕੇ ਲਿਆਂਦੀ ਤੇ ਕਹਿਣ ਲੱਗਾ, "ਰਾਹ ਦਿਓ, ਭੇਟਾ ਕਰਨੀ ਹੈ।" ਗੁਰੂ ਜੀ ਦੇ ਹਜੂਰ ਪਹੁੰਚ ਕੇ ਬੋਰੀ ਨੂੰ ਮੱਥਾ ਟੇਕੀ ਜਾਏ। ਮਹਾਰਾਜ ਵਲੋਂ ਪੁਛਣ ਤੇ, "ਸੁਥਰੇ ਸ਼ਾਹ ਇਹ ਕੀ ਹੈ ?", ਕਹਿਣ ਲੱਗਾ ਇਸੇ ਕਰਕੇ ਤਾਂ ਆਪ ਜੀ ਦੇ ਦਰਸ਼ਨ ਹੋਏ ਹਨ। ਉਸ ਵੇਲੇ ਹੁਕਮ ਹੋਇਆ ਕਿ ਕਾਰ ਸੇਵਾ ਤੋਸ਼ੇਖਾਨੇ, ਰਸਦ ਲੰਗਰ ਜਾਏ, ਤੇ ਦਰਸ਼ਨਾਂ ਤੋਂ ਕਿਸੇ ਨੂੰ ਨਾਂਹ ਰੋਕਿਆ ਜਾਏ।

ਇਕ ਵਾਰ ਗੁਰੂ ਜੀ ਦੇ ਬਚਨ ਪਰਵਾਹ ਸਮੇ ਪਿੱਠ ਕਰ ਲਈ। ਸੰਗਤਾਂ ਵਲੋਂ ਬੁਰਾ ਮਨਾਉਣ ਕਾਰਨ ਗੁਰੂ ਜੀ ਦੇ ਪੁਛਣ ਤੇ ਕਹਿਣ ਲੱਗਾ, "ਪਹਿਲਾਂ ਤਾਂ ਮੈ ਸਨਮੁੱਖ ਹੋ ਚਿਹਰੇ ਤੇ ਝਲਦਾ ਰਿਹਾ ਪਰ ਮੇਰੀ ਤਾਂ ਹੁਣ ਸਤਾ ਨਹੀਂ ਰਹੀ, ਇਸ ਲਈ ਪਿੱਠ ਕੀਤੀ ਕਿ ਉੱਥੇ ਬਚਨਾ ਦੀ ਮਾਰ ਪਵੇ। ਪਤਾ ਨਹੀ ਬਚਨਾ ਦੇ ਤੀਰ ਸੰਗਤ ਕਿਵੇਂ ਸਹਾਰ ਲੈਂਦੀ ਹੈ।"

ਉਂਗਲਾਂ ਦਿਖਾ ਕੇ ਸੀਤਲ ਦਾਸ ਨੂੰ ਦਰਸਾ ਦਿੱਤਾ ਕਿ ਉਹ ਕੇਵਲ ਨਾਂਮ ਦਾ ਹੀ ਸੀਤਲ ਹੈ, ਅੰਦਰ ਅੱਗ ਸੁਲਗ ਰਹੀ ਹੈ।

ਦਿੱਲੀ ਜਾ ਕੇ ਮੌਲਾਨਿਆਂ, ਕਾਜੀਆਂ ਤੇ ਔਰੰਗਜੇਬ ਨੂੰ ਝੂਠਾ ਕੀਤਾ।

ਮੀਰੀ ਪੀਰੀ ਦੇ ਮਾਲਕ ਗੁਰੂ ਸਾਹਿਬ ਦੀ ਉਪਮਾਂ ਵਿਚ ਸੁੱਥਰੇ ਸ਼ਾਹ ਨੇਂ ਕਿਹਾ:

- ਅੁਹ ਚਾਕਰ ਵੱਢੀ ਠਉਰ ਦਾ, ਕਰਨੀ ਹੈ ਪੂਰਾ। ਘੋੜਾ ਉਸਦਾ ਲਖ ਦਾ, ਹਥਿਆਰੀ ਸੂਰਾ। ਘਾਓ ਨ ਖਾਇ ਮਗਰ ਵਿਚ, ਸਨਮੁੱਖ ਮਗਰੂਰਾ। ਖਵਈਆ ਸਾੜੇ ਦੁੱਧ (ਖੋਆ) ਦਾ, ਕਦੇ ਖਾਏ ਨ ਕੂਰਾ। ਸਭੇ ਗੱਲਾਂ ਊਣੀਆਂ, ਨਾਉ ਤੇਰਾ ਪੂਰਾ।

ਗੁਰੂ ਹਰਿ ਰਾਇ ਸਾਹਿਬ ਨੇ ਸੁੱਥਰੇ ਸ਼ਾਹ ਨੂੰ ਜੁਅਰਤਿ, ਸੁਰਤਿ, ਅਡੋਲਤਾ ਤੇ ਪਵਿਤ੍ਰਤਾ ਦੀ ਮੂਰਤੀ ਦੇਖ ਕੇ ਇਕ ਬਖਸ਼ ਦਾ ਆਗੂ ਬਣਾਇਆ। ਗੁਰੂ ਜੀ ਦਾ ਹੁਕਮ ਪਾ ਕੇ ਸੁੱਥਰੇ ਸ਼ਾਹ ਨੇ ਪੰਜਾਬ ਦੀਆਂ ਪਰਬਤੀ ਰਿਆਸਤਾਂ, ਕਸ਼ਮੀਰ ਤੇ ਬਲਖ ਬੁਖਾਰਾ ਤੱਕ ਸਿੱਖੀ ਦਾ ਪ੍ਰਚਾਰ ਕੀਤਾ। ਦਬਿਸਤਾਨ ਮਜ਼ਾਹਬ ਨੇ ਲਿਖਿਆ ਹੈ ਕਿ ਸੁੱਥਰਾ ਨੇ ਬੜੇ ਨਿਰਾਲੇ ਢੰਗ ਨਾਲ ਸਿੱਖੀ ਦੂਰ-ਦੂਰ ਤਕ ਫੈਲਾਈ।

ਉਨ੍ਹਾਂ ਵਲੋਂ ਬਹੁਤ ਹੀ ਭਾਵ ਪੂਰਤ ਤੇ ਸਿੱਧੇ ਪਰਚਾਰ ਲਈ ਵਰਤੇ ਟੱਪੇ ਲੋਕਾਂ ਦੇ ਮੂੰਹ ਚੜੇ ਸਨ:

- ਹਾਥੀ ਘੋੜੇ ਮਾਲ ਧਨ, ਇਹ ਖਤਰਾ ਹੀ ਜਿੰਦ ਕਾ। ਜੇ ਸੁਖ ਲੋੜੇਂ ਸੁੱਥਰਿਆ, ਸਿਮਰ ਨਾਮ ਗੋਬਿੰਦ ਕਾ।

- ਢੋਲ ਵਜੈ ਘਰ ਲੂਟੀਐ, ਲੋਕ ਜਾਣੈ ਵਿਆਹ। ਸਾਹਿਬ ਅਰਥ ਨ ਬੀਜਿਓ, ਹੋਇਓ ਮੁਖ ਸਿਆਹ॥ ਜਿਤ ਵੇਲੈ ਲੇਖਾ ਮੰਗਿਐ, ਗਲਿ ਪਲੂ ਤੇ ਮੁਹਿ ਘਾਹੁ। ਰਹੌਂ ਘੁੱਥੈ ਸੁੱਥਰਿਆ, ਤਿਨਾਂ ਨੂੰ ਬਡਾ ਦਾਹ।
- ਸ਼ਾਬਾਸ਼ ਪੱਟੇ, ਸ਼ਾਬਾਸ਼ ਮੁਛੇ, ਸ਼ਾਬਾਸ਼ ਲੀਤੇ ਲੁੱਟ। ਸ਼ਾਬਾਸ਼ਾਂ ਦਾ ਮਾਰਿਆ ਸੁੱਥਰਿਆ, ਕਹੀਂ ਨ ਲਹਿਸੇ ਝੁੱਟ।
- ਸੁੱਥਰਿਆ ਲੋਕਾਂ ਦੀਆਂ ਕਹਾਣੀਆਂ, ਧਰੈ ਕੰਮ ਨ ਕੋਇ। ਜੇ ਤੈ ਕੰਮ ਸਵਾਰਨਾ, ਸਿਮਰ ਸਵੇਰੇ ਸੋਇ।

ਛਪੰਜਾ ਸਾਲ ਦੀ ਉਮਰ ਭੋਗ ਕੇ ਭਾਈ ਸੁਥਰੇ ਸ਼ਾਹ ਗੁਰੂ ਗੋਬਿੰਦ ਸਿੱਘ ਜੀ ਸਮੇ ਅਕਾਲ ਚਲਾਣਾਂ ਕਰ ਗਏ।

ਇਸ ਬਖਸ਼ ਦੇ ਚਾਰ ਉੱਘੇ ਸੱਜਣ ਭਾਈ ਜਾਦੋ, ਭਾਈ ਝੂੰਜਾ ਸ਼ਾਹ, ਭਾਈ ਰਜ਼ਾਲ ਸ਼ਾਹ ਤੇ ਭਾਈ ਅੰਧੇਰ ਸ਼ਾਹ ਹੋਏ ਹਨ। ਹੋਰ ਉਘੇ ਸਿੱਖ ਭਾਈ ਝੰਗੜ ਸ਼ਾਹ, ਭਾਈ ਮੁਸ਼ਤਾਕ ਸ਼ਾਹ (ਲਾਹੌਰ), ਭਾਈ ਹਰੇ ਸ਼ਾਹ (ਬਟਾਲਾ) ਸਨ। ਇਸ ਬਖਸ਼ ਦੇ ਅਸਥਾਨ ਚੌਕ ਛੱਤੀ ਖੂਹੀ ਤੇ ਖਜਾਨੇ ਦੇ ਕਟੜੇ ਲਾਗੇ ਸ੍ਰੀ ਅੰਮ੍ਰਿਤਸਰ; ਅਤੇ ਕਈ ਹੋਰ ਨੂਰਮਹਲ, ਸਿੰਧ, ਜੌਨਪੁਰ ਤੇ ਅਫਗਾਨਿਸਤਾਨ ਵਿਚ ਸਥਿਤ ਹਨ।

**ਬਖਸ਼ ਭਾਈ ਮੀਹਾਂ ਸਾਹਿਬ**: ਮਹਾਨ ਕੋਸ਼ ਅਨੁਸਾਰ ਖਵਾਜਾ ਅਰਜਾਨੀ ਦੀ ਕਰਨੀ ਤੇ ਖੁਸ਼ ਹੋ ਕੇ ਗੁਰੂ ਹਰਿਗੋਬੰਦ ਸਾਹਿਬ ਨੇ 'ਸੋਹਣਾ' ਖਿਤਾਬ ਦਿੱਤਾ। ਕੀਰਤਪੁਰ ਰਹਿ ਕੇ ਇਹ ਸੇਵਾ ਕਰਦੇ ਰਹੇ।

ਗੁਰੂ ਹਰਿ ਰਾਇ ਸਹਿਬ ਨੇ ਇਨ੍ਹਾਂ ਤੇ ਬਖਸ਼ਸ਼ ਕੀਤੀ ਤੇ ਗੁਰੂ ਸੇਵਾ ਵਿਚ ਜੁੱਟ ਗਏ। ਥਾਂ-ਥਾਂ ਪਰਚਾਰ ਕਰਦੇ ਰਹੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਸੁਣ ਉਸੇ ਸਮੇਂ ਨਗਰ ਸਰ੍ਹਾਲੇ ਵਿਚ ਚੜਾਈ ਕਰ ਗਏ। ਇਨ੍ਹਾਂ ਦੇ ਤਿੰਨੇ ਪੁਤਰ ਭਾਈ ਰਾਮਦੇਵ, ਸੰਤ ਰਾਮ ਜੀ ਤੇ ਭਾਈ ਗੁਰਦਿਆਲ ਜੀ ਨੇ ਵੀ ਆਪਣੇ ਪਿਤਾ ਵਾਂਗ ਹੀ ਸੇਵਾ ਕੀਤੀ।

ਭਾਈ ਰਾਮਦੇਵ ਜੀ ਗੁਰੂ ਤੇਗ ਬਹਾਦਰ ਸਹਿਬ ਵੇਲੇ ਜਲ ਦੀ ਸੇਵਾ ਕਰਦੇ ਸਨ। ਜਦੋਂ ਗੁਰੂ ਜੀ ਬਾਂਦਰ ਦੇਸ਼ ਵਿਚ ਵਿਚਰ ਰਹੇ ਸਨ ਤਾਂ ਭਾਈ ਰਾਮ ਦੇਵ ਜੀ ਨੇ ਇਤਨੀ ਜਲ ਦੀ ਸੇਵਾ ਕੀਤੀ ਤਾਂ ਗੁਰੂ ਜੀ ਨੇ ਕਿਹਾ, "ਤੁਸਾਂ ਤਾਂ ਸੱਚ ਮੁੱਚ ਹੀ ਮੀਹ ਵਰਸਾ ਦਿਤਾ ਹੈ, ਅੱਜ ਤੋਂ ਤੂੰ ਸਾਡਾ 'ਮੀਹਾਂ' ਹੀ ਹੋਇਆ। ਹੁਣ ਨਾਮ ਜਲ ਦੀ ਵਰਖਾ ਕੀਤਾ ਕਰੋ। ਘਰ-ਘਰ ਅੰਦਰ ਧਰਮਸਾਲ ਸਾਜੋ। ਅੰਨ ਪਾਣੀ ਦਾ ਲੰਗਰ ਲਗਾਓ।" ਗੁਰੂ ਜੀ ਨੇ ਬਲਦ, ਨਗਾਰਾ ਤੇ ਝੰਡਾ ਬਖਸ਼ਿਆ।

ਗੁਰੂ ਸਹਿਬ ਵਲੋਂ ਰਾਮਦੇਵ ਨੂੰ 'ਮੀਹਾਂ' ਫਰਮਾਉਣ ਕਰਕੇ 'ਬਖਸ਼ ਭਾਈ ਮੀਹਾਂ ਸਾਹਿਬ' ਪ੍ਰਚਲਤ ਹੋ ਗਈ। ਆਪ ਨਗਰ-ਨਗਰ ਜਾ ਕੇ ਲੰਗਰ ਲਗਾਂਦੇ ਤੇ ਸ਼ਬਦ ਬਾਣੀ ਨਾਲ ਜੋੜਦੇ।

ਗੁਰੂ ਗੋਬਿੰਦ ਸਿੰਘ ਸਾਹਿਬ ਸਮੇ, ਇਕ ਵਾਰ ਅਨੰਦਪੁਰ ਸਾਹਿਬ ਦੀਵਾਨ ਚਲਦਿਆਂ ਮਸਤੀ ਵਿਚ ਨਗਾਰਾ ਵਜਾਉਂਦੇ ਆ ਗਏ। ਗੁਰੂ ਜੀ ਦਾ ਹੁਕਮ ਹੋਇਆ ਜੋ ਨਗਾਰਾ ਵਜਾ ਰਿਹਾ ਹੈ, ਉਸ ਦਾ ਨਿਸ਼ਾਨ ਤੇ ਨਗਾਰਾ ਖੋਹ ਲਵੋ। ਸੇਵਾਦਾਰ ਖੋਹ ਕੇ ਲੈ ਗਏ ਤਾਂ ਆਪ ਨੇ ਰਤਾ ਵੀ ਰੋਸ ਪ੍ਰਗਟ ਨਾ ਕੀਤਾ।

ਜਦ ਗੁਰੂ ਦਰਬਾਰ ਹਾਜਰ ਹੋਏ ਤਾਂ ਗੁਰੂ ਜੀ ਨੇ ਪੁਛਿਆ, "ਤੁਸਾਂ ਰਤਾ ਵੀ ਗਿਲਾ ਨਹੀਂ ਕੀਤਾ।"। ਹੱਥ ਜੋੜ ਕੇ ਕਹਿਣ ਲਗੇ, "ਤੁਸਾਂ ਹੀ ਬਖਸ਼ੇ ਸਨ ਤੇ ਤੁਸਾਂ ਹੀ ਵਾਪਸ ਲੈ ਲਏ ਤਾਂ ਰੋਸ ਕਾਹਦਾ।"

ਗੁਰੂ ਗੋਬਿੰਦ ਸਿੰਘ ਸਾਹਿਬ ਨਿਰਮਾਣ ਤੇ ਨਿਰਲੇਪ ਬ੍ਰਿਤੀ ਦੇਖ ਹੋਰ ਪ੍ਰਸੰਨ ਹੋਏ। ਨਾਂ ਸਗੋਂ ਨਗਾਰਾ ਤੇ ਨਿਸ਼ਾਨ ਹੀ ਮੋੜਿਆ ਸਗੋਂ ਇਕ ਸ੍ਰੀ ਸਾਹਿਬ, ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਸੀਸ ਦੀ ਅੱਧੀ ਦਸਤਾਰ ਵੀ ਭੇਟ ਕੀਤੀ।

ਇਸ ਬਖਸ਼ ਦੇ ਅਨੇਕਾਂ ਹੀ ਸੇਵਕ ਹੋਏ। ਪੰਜਾਬ, ਉਤਰ ਪ੍ਰਦੇਸ਼, ਬਿਹਾਰ, ਉੜੀਸਾ, ਕੱਟਕ, ਮੱਧ ਭਾਰਤ, ਅਮਰਵਤੀ ਅਤੇ ਉਜੈਨ

ਤੱਕ ਪ੍ਰਚਾਰ ਕੀਤਾ। ਕੰਧਾਰ ਵਿਚ ਪ੍ਰਸਿੱਧ ਧਰਮਸਾਲਾ ਵੀ ਮੀਹਾਂ ਸਾਹਿਬ ਦੇ ਚੇਲੇ ਭਾਈ ਮਾਨ ਦਾਸ ਜੀ ਦੇ ਉੱਦਮ ਨਾਲ ਹੀ ਬਣੀ ਸੀ।

ਭਾਈ ਮੀਹਾਂ ਸਾਹਿਬ ਦਾ ਅਕਾਲ ਚਲਾਣਾ ਪਿੰਡ ਧੋਹੀਆਂ ਤਹਿਸੀਲ ਨਾਰੋਵਾਲ, ਜਿਲਾ ਸ਼ਿਆਲਕੋਟ ਵਿਚ ਹੋਇਆ।

**ਬਖਸ਼ ਬੱਖਤ ਮਲੀਏ**: ਬੱਖਤ ਮਲ ਜੀ ਕਾਬਲ ਵਿਚ ਕਾਰ ਭੇਟ ਇਕੱਠੀ ਕਰਦੇ ਸਨ ਅਤੇ ਨਿਜ ਤੇ ਰਤਾ ਭਰ ਵੀ ਖਰਚ ਨਹੀਂ ਕਰਦੇ ਸਨ। ਇਨ੍ਹਾਂ ਨੂੰ ਗੁਰੂ ਹਰਿ ਰਾਇ ਸਹਿਬ ਵਲੋਂ ਬਖਸ਼ਸ਼ ਬਾਰੇ ਦੂਰ ਉਦਾਸੀਂ ਮੱਤ ਦਰਪਣ ਵਿਚ ਲਿਖਿਆ ਹੈ। ਐਚ. ਏ. ਰੋਜ਼ ਨੇ ਗਲਾਸਰੀ ਔਫ ਦੀ ਟਾਈਮਜ਼ ਵਿਚ ਲਿਖਿਆ ਹੈ, ਬੱਖਤ ਮਲੀਏ ਸਾਧੂ ਸਿੰਘਾਂ ਦੀ ਹੀ ਇਕ ਸੰਪ੍ਰਦਾ ਹੈ, ਜੋ ਬੱਖਤ ਮਲ ਜੀ ਤੋਂ ਚੱਲੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਸੰਦਾਂ ਨੂੰ ਸੋਧਿਆ ਤਾਂ ਬੱਖਤ ਮਲ ਨੇ ਮਾਤਾ ਗੁਜਰੀ ਪਾਸ ਸ਼ਰਨ ਲਈ ਅਤੇ ਨਾਰੀ ਦਾ ਭੇਸ ਬਣਾ ਲਿਆ। ਇਹ ਗੱਦੀ ਤੇ ਬੈਠਣ ਵੇਲੇ ਦੇ ਮਹੰਤ ਹੁਣ ਤੱਕ ਚੂੜੀਆਂ ਪਹਿਣਦੇ ਹਨ ਤੇ ਸੇਵਕ ਬੱਖਸ਼ ਦੇ ਸਾਧ ਕਹਿਲਾਂਦੇ ਹਨ।

ਇਸ ਬੱਖਸ਼ ਨੇ ਪੰਜਾਬ, ਸਿੰਧ ਤੇ ਉਤਰ ਪ੍ਰਦੇਸ਼ ਵਿਚ ਵੀ ਪ੍ਰਚਾਰ ਕੀਤਾ।

**ਬੱਖਸ਼ ਜੀਤ ਮਲੀਏ**: ਜੀਤ ਮੱਲ ਜੀ ਤੇ ਬਖਸ਼ਸ਼ ਗੁਰੂ ਹਰਿ ਰਾਇ ਸਹਿਬ ਦੀ ਹੋਈ। ਇਨ੍ਹਾਂ ਦਾ ਮੁਖ ਅਸਥਾਨ ਫਤਿਹਪੁਰ ਹੈ।

ਜਦ ਦੱਸਵੇਂ ਪਾਤਸ਼ਾਹ ਵੇਲੇ ਪੁੱਛ ਪੜਤਾਲ ਤੇ ਸੋਧ ਸੁਧਾਈ ਹੋਈ ਤਾਂ ਇਨ੍ਹਾਂ ਦਾ ਕਿਰਦਾਰ ਸੱਚਾ ਸੁੱਚਾ ਨਿਕਲਿਆ ਕਿ ਆਗਿਆ ਹੋਈ ਕਿ ਧਰਮ ਧੁਜਾ ਝੁਲਾਓ ਤੇ ਸਿੱਖੀ ਪ੍ਰਚਾਰ ਹੋਰ ਦ੍ਰਿੜ ਹੋ ਕੇ ਕਰੋ।

**ਹੋਰ ਬਖਸ਼ਾਂ**: ਗੁਰੂ ਹਰਿ ਰਾਇ ਜੀ ਵਲੋਂ ਕੁਝ ਹੋਰ ਬਖਸ਼ਾਂ ਬਾਰੇ ਇਤਹਾਸ ਵਿਚ ਵਰਨਣ ਹੈ।

ਬਾਬਾ ਬੁਢਾ ਜੀ ਦੀ ਸੰਤਾਨ, ਦੱਖਣੀ ਰਾਇ ਸਾਧੂ ਨੰਦ ਲਾਲ, ਹੀਰਾ ਦਾਸੀਏ ਅਤੇ ਰਾਮ ਰਾਈਆਂ ਦਾ ਵਰਨਣ ਹੈ।

ਐਚ. ਏ. ਰੋਜ਼ ਨੇ ਲਿਖਿਆ ਹੈ ਕਿ ਗੁਰੂ ਹਰਿ ਰਾਇ ਵਲੋਂ ਭਾਈ ਬਾਲਾ ਤੇ ਭਾਈ ਹਰੀਆ ਦੀਵਾਨਿਆਂ ਤੇ ਬਖਸ਼ਸ਼ ਹੋਈ। ਇਹ ਪ੍ਰਚਾਰ ਕਰਦਿਆਂ ਦੀਵਾਨੇ ਹੀ ਹੋ ਜਾਂਦੇ ਹਨ। ਗਲ ਵਿਚ ਸਿਪੀਆਂ ਦੀ ਮਾਲਾ ਤੇ ਪਗੜੀ ਤੇ ਮੋਰ ਦੇ ਪੰਖ ਟੁੰਗ ਕੇ ਰੱਖਦੇ ਹਨ। ਇਨ੍ਹਾਂ ਨੇ ਪਛੜੀਆਂ ਜਾਤੀਆਂ ਵਿਚ ਬਹੁਤ ਪ੍ਰਚਾਰ ਕੀਤਾ। ਗੁਰੂ ਗ੍ਰੰਥ ਸਾਹਿਬ ਤੇ ਨਿਸ਼ਚਾ ਰੱਖਦੇ ਹਨ ਤੇ ਸਤਿਨਾਮ ਦਾ ਉਚਾਰਣ ਕਰਦੇ ਹਨ।

ਜਦ ਗੁਰੂ ਹਰਿ ਰਾਇ ਸਹਿਬ ਮਾਲਵੇ ਵਿਚ ਵਿਚਰ ਰਹੇ ਸਨ ਤਾਂ ਬਾਬਾ ਭੂੰਦੜ ਦਾਸ ਨੂੰ ਮਸਤੀ ਦੇ ਭੇਖਾਂ ਵਿਚ ਅਟੁੱਟ ਤੇ ਦਿਨ ਰਾਤ ਦੀਵਾਨਿਆਂ ਵਾਂਗ ਸੇਵਾ ਕਰਦੇ ਵੇਖਿਆ ਤਾਂ 'ਦੀਵਾਨਾ ਸਾਹਿਬ' ਦਾ ਖਿਤਾਬ ਬਖਸ਼ਿਆ।

**ਸਾਰਅੰਸ਼**: ਇਨ੍ਹਾਂ ਬੱਖਸ਼ਾਂ ਬਾਰੇ ਜਾਣਕਾਰੀ ਤੋਂ ਇਹ ਸਾਫ ਹੈ ਕਿ ਗੁਰੂ ਹਰਿ ਰਾਇ ਜੀ ਦੀ ਕ੍ਰਿਪਾ ਨਾਲ ਸਿੱਖੀ ਦਾ ਪ੍ਰਚਾਰ ਦੂਰ-ਦੂਰ ਤੱਕ ਫੈਲਿਆ ਅਤੇ ਪਿਛੋਂ ਵੀ ਚਲਦਾ ਰਿਹਾ।

## ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ: ਭਾਗ 2

ਡਾ. ਤਰਲੋਕ ਸਿੰਘ ਸਹੋਤਾ (ਥੰਡਰ ਬੇ, ਕੈਨੇਡਾ)

**ਨਾਮ ਸੁਣਨ ਦੇ ਮੋਟੇ ਮੋਟੇ ਕੀ ਫਾਇਦੇ ਹਨ?**

ਕਾਲ ਪੋਹ ਨਹੀਂ ਸਕਦਾ:

**"ਸੁਣਿਐ ਪੋਹਿ ਨ ਸਕੈ ਕਾਲੁ ॥"** (ਅੰਕ 2)

ਮੰਦਾ ਮਨੁੱਖ ਭੀ ਮੂੰਹੋਂ ਰੱਬ ਦੀਆਂ ਸਿਫ਼ਤਾਂ ਕਰਨ ਲੱਗ ਪੈਂਦਾ ਹੈ:

**"ਸੁਣਿਐ ਮੁਖਿ ਸਾਲਾਹਣ ਮੰਦੁ ॥"** (ਅੰਕ 2)

ਸਾਧਾਰਨ ਬੁੱਧੀ ਵਾਲ਼ੇ ਨੂੰ ਭੀ ਸਰੀਰ ਵਿਚ ਦੀਆਂ ਗੁੱਝੀਆਂ ਗੱਲਾਂ (ਭਾਵ, ਅੱਖਾਂ, ਕੰਨ, ਜੀਭ ਆਦਿਕ ਇੰਦਰੀਆਂ ਦੇ ਚਾਲਿਆਂ ਤੇ ਵਿਕਾਰ ਆਦਿਕਾਂ ਵੱਲ ਦੌੜ-ਭੱਜ) ਦੇ ਭੇਦ ਦਾ ਪਤਾ ਲੱਗ ਜਾਂਦਾ ਹੈ। ਪ੍ਰਭੂ-ਮੇਲ ਦੀ ਜੁਗਤੀ ਦੀ ਸਮਝ ਪੈ ਜਾਂਦੀ ਹੈ:

**"ਸੁਣਿਐ ਜੋਗ ਜੁਗਤਿ ਤਨਿ ਭੇਦ ॥"** (ਅੰਕ 2)

ਸ਼ਾਸਤ੍ਰਾਂ ਸਿਮ੍ਰਿਤੀਆਂ ਤੇ ਵੇਦਾਂ ਦੀ ਸਮਝ ਪੈ ਜਾਂਦੀ ਹੈ (ਭਾਵ, ਧਾਰਮਿਕ ਪੁਸਤਕਾਂ ਦਾ ਅਸਲ ਉੱਚਾ ਨਿਸ਼ਾਨਾ ਤਦੋਂ ਸਮਝ ਪੈਂਦਾ ਹੈ ਜਦੋਂ ਅਸੀਂ ਨਾਮ ਵਿਚ ਸੁਰਤ ਜੋੜਦੇ ਹਾਂ, ਨਹੀਂ ਤਾਂ ਨਿਰੇ ਲਫ਼ਜ਼ਾਂ ਨੂੰ ਹੀ ਪੜ੍ਹ ਛੱਡਦੇ ਹਾਂ, ਉਸ ਅਸਲੀ ਜਜ਼ਬੇ ਵਿਚ ਨਹੀਂ ਪਹੁੰਚਦੇ ਜਿਸ ਜਜ਼ਬੇ ਵਿਚ ਅੱਪੜ ਕੇ ਉਹ ਧਾਰਮਿਕ ਪੁਸਤਕਾਂ ਉਚਾਰੀਆਂ ਹੁੰਦੀਆਂ ਹਨ):

**"ਸੁਣਿਐ ਸਾਸਤ ਸਿਮ੍ਰਿਤਿ ਵੇਦ ॥"** (ਅੰਕ 2)

ਰੱਬ ਦੇ ਨਾਮ ਵਿਚ ਜੁੜਨ ਨਾਲ (ਹਿਰਦੇ ਵਿਚ) ਦਾਨ (ਦੇਣ ਦਾ ਸੁਭਾਉ), ਸੰਤੋਖ ਤੇ ਆਤਮਿਕ ਪ੍ਰਕਾਸ਼ (ਪਰਗਟ) ਹੋ ਜਾਂਦਾ ਹੈ:

**"ਸੁਣਿਐ ਸਤੁ ਸੰਤੋਖੁ ਗਿਆਨੁ ॥"** (ਅੰਕ 2)

ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ (ਭਾਵ, ਅਠਾਰਠ ਤੀਰਥਾਂ ਦੇ ਇਸ਼ਨਾਨ ਨਾਮ ਜਪਣ ਦੇ ਵਿਚ ਹੀ ਆ ਜਾਂਦੇ ਹਨ):

**"ਸੁਣਿਐ ਅਠਸਠਿ ਕਾ ਇਸਨਾਨੁ ॥"** (ਅੰਕ 3)

ਜੋ ਸਤਿਕਾਰ (ਮਨੁੱਖ ਵਿੱਦਿਆ) ਪੜ੍ਹ ਕੇ ਪਾਂਦੇ ਹਨ ਉਹ ਭਗਤ ਜਨਾਂ ਨੂੰ ਅਕਾਲ ਪੁਰਖ ਦੇ ਨਾਮ ਵਿਚ ਜੁੜ ਕੇ ਹੀ ਮਿਲ ਜਾਂਦਾ ਹੈ:

**"ਸੁਣਿਐ ਪੜਿ ਪੜਿ ਪਾਵਹਿ ਮਾਨੁ ॥"** (ਅੰਕ 3)

ਨਾਮ ਸੁਣਨ ਦਾ ਸਦਕਾ ਅਡੋਲਤਾ ਵਿਚ ਚਿੱਤ ਦੀ ਬ੍ਰਿਤੀ ਟਿਕ ਜਾਂਦੀ ਹੈ; ਆਤਮਿਕ ਅਡੋਲਤਾ ਤੇ ਪਰਮੇਸ਼ਰ 'ਚ ਧਿਆਨ ਲੱਗਦਾ ਹੈ!

**"ਸੁਣਿਐ ਲਾਗੈ ਸਹਜਿ ਧਿਆਨੁ ॥"** (ਅੰਕ 3)

ਅਕਾਲ ਪੁਰਖ ਦੇ ਨਾਮ ਵਿਚ ਸੁਰਤਿ ਜੋੜਨ ਨਾਲ (ਸਾਧਾਰਨ ਮਨੁੱਖ) ਬੇਅੰਤ ਗੁਣਾਂ ਦੀ ਸੂਝ ਵਾਲ਼ੇ ਹੋ ਜਾਂਦੇ ਹਨ:

**"ਸੁਣਿਐ ਸਰਾ ਗੁਣਾ ਕੇ ਗਾਹ ॥"** (ਅੰਕ 3)

ਸ਼ੇਖ ਪੀਰ ਤੇ ਪਾਤਿਸ਼ਾਹਾਂ ਦੀ ਪਦਵੀ ਪਾ ਲੈਂਦੇ ਹਨ:

**"ਸੁਣਿਐ ਸੇਖ ਪੀਰ ਪਾਤਿਸਾਹ ॥"** (ਅੰਕ 3)

ਇਹ ਨਾਮ ਸੁਣਨ ਦੀ ਹੀ ਬਰਕਤਿ ਹੈ ਕਿ ਅੰਨ੍ਹੇ ਗਿਆਨ-ਹੀਣ ਮਨੁੱਖ ਭੀ (ਅਕਾਲ ਪੁਰਖ ਨੂੰ ਮਿਲਣ ਦਾ) ਰਾਹ ਲੱਭ ਲੈਂਦੇ ਹਨ:

**"ਸੁਣਿਐ ਅੰਧੇ ਪਾਵਹਿ ਰਾਹੁ ॥"** (ਅੰਕ 3)

ਅਕਾਲ ਪੁਰਖ ਦੇ ਨਾਮ ਵਿਚ ਜੁੜਨ ਦਾ ਸਦਕਾ ਇਸ ਡੂੰਘੇ ਸੰਸਾਰ-ਸਮੁੰਦਰ ਦੀ ਅਸਲੀਅਤ ਸਮਝ ਵਿਚ ਆ ਜਾਂਦੀ ਹੈ:

**"ਸੁਣਿਐ ਹਾਥ ਹੋਵੈ ਅਸਗਾਹੁ ॥"** (ਅੰਕ 3)

ਇਹ ਨਾਮ ਹਿਰਦੇ ਵਿਚ ਟਿਕਣ ਦੀ ਹੀ ਬਰਕਤਿ ਨਾਲ਼ ਸਧਾਰਨ ਮਨੁੱਖ ਵੀ ਸਿੱਧਾਂ, ਪੀਰਾਂ, ਦੇਵਤਿਆਂ ਤੇ ਨਾਥਾਂ ਦੀ ਪਦਵੀ ਪਾ ਲੈਂਦੇ ਹਨ:

**"ਸੁਣਿਐ ਸਿਧ ਪੀਰ ਸੁਰਿ ਨਾਥ ॥"** (ਅੰਕ 2)

ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਦਾ ਸਦਕਾ ਸਾਧਾਰਨ ਮਨੁੱਖ ਸ਼ਿਵ, ਬ੍ਰਹਮਾ ਤੇ ਇੰਦਰ ਦੀ ਪਦਵੀ ਤੇ ਅੱਪੜ ਜਾਂਦਾ ਹੈ:

**"ਸੁਣਿਐ ਈਸਰੁ ਬਰਮਾ ਇੰਦੁ ॥"** (ਅੰਕ 2)

ਜੇ ਇਹ ਨਾਮ ਸੁਣੀਏ (ਭਾਵ, ਜੇ ਇਸ ਨਾਮ ਵਿਚ ਸੁਰਤਿ ਜੋੜੀਏ) ਤੇ ਸੁਰਤਿ ਜੋੜ ਜੋੜ ਕੇ ਮਨ ਵਿਚ ਵਸਾ ਲਈਏ ਤਾਂ ਸੁਖ (ਪ੍ਰਾਪਤ) ਹੁੰਦਾ ਹੈ:

**"ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥"** (ਅੰਕ 1239)

ਨਾਮ ਵਿਚ ਸੁਰਤਿ ਜੋੜੀ ਰੱਖੀਏ ਤਾਂ ਮਨ ਖਿੜ ਜਾਂਦਾ ਹੈ, ਨਾਮ ਵਿਚ (ਜੁੜਿਆਂ ਅੰਦਰ) ਸ਼ਾਂਤੀ ਪੈਦਾ ਹੁੰਦੀ ਹੈ:

**"ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ ॥"** (ਅੰਕ 1240)

ਨਾਮ ਵਿਚ ਧਿਆਨ ਲੱਗ ਜਾਏ ਤਾਂ ਮਨ (ਮਾਇਆ ਵਲੋਂ) ਰੱਜ ਜਾਂਦਾ ਹੈ ਤੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ:

**"ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ ॥"** (ਅੰਕ 1240)

ਜੇ ਪ੍ਰਭੂ ਦਾ ਨਾਮ ਸੁਣਦੇ ਰਹੀਏ ਤਾਂ (ਮਨ ਵਿਚ) ਨਾਮ (ਜਪਣ ਦਾ ਚਾਉ) ਪੈਦਾ ਹੋ ਜਾਂਦਾ ਹੈ, ਨਾਮ (ਸਿਮਰਨ) ਵਿਚ ਹੀ ਵਡਿਆਈ (ਪ੍ਰਤੀਤ ਹੁੰਦੀ) ਹੈ:

**"ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥"** (ਅੰਕ 1240)

ਗੁਰਮੁਖ ਮਨੁੱਖ ਨਾਮ (ਸਿਮਰਨ) ਵਿਚ ਹੀ ਉੱਚੀ ਕੁਲ ਵਾਲੀ ਇੱਜ਼ਤ ਸਮਝਦਾ ਹੈ, ਨਾਮ ਸਿਮਰਿਆਂ ਹੀ ਉੱਚੀ ਆਤਮਕ ਅਵਸਥਾ ਹਾਸਲ ਕਰਦਾ ਹੈ:

**"ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥"** (ਅੰਕ 1240)

ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜੀ ਰੱਖੀਏ ਤਾਂ ਸਾਰੀਆਂ ਕਰਾਮਾਤੀ ਤਾਕਤਾਂ ਪਿੱਛੇ ਲੱਗੀਆਂ ਫਿਰਦੀਆਂ ਹਨ (ਸੁਤੇ ਸਿਧ ਹੀ ਪ੍ਰਾਪਤ ਹੋ ਜਾਂਦੀਆਂ ਹਨ)। ਜਗਤ ਦੇ ਸਾਰੇ ਪਦਾਰਥ ਹਾਸਲ ਹੋ ਜਾਂਦੇ ਹਨ:

**"ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ ॥"** (ਅੰਗ 1240)

ਨੌਂ ਖਜ਼ਾਨੇ ਭਾਵ ਜਗਤ ਦੇ ਸਾਰੇ ਪਦਾਰਥ ਤੇ ਜੋ ਕੁਝ ਮਨ ਚਿਤਵਦਾ ਹੈ ਮਿਲ਼ ਜਾਂਦਾ ਹੈ:

**"ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ ॥"** (ਅੰਕ 1240)

(ਮਨ ਵਿਚ) ਸੰਤੋਖ ਪੈਦਾ ਹੋ ਜਾਂਦਾ ਹੈ, ਮਾਇਆ (ਭੀ) ਸੇਵਾ ਕਰਨ ਲੱਗ ਪੈਂਦੀ ਹੈ:

"ਨਾਇ **"ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ ॥"** (ਅੰਕ 1240)

ਉਹ ਅਵਸਥਾ ਪੈਦਾ ਹੋ ਜਾਂਦੀ ਹੈ ਜਿੱਥੇ ਮਨ ਡੋਲਦਾ ਨਹੀਂ, ਤੇ ਇਸ ਅਡੋਲ ਅਵਸਥਾ ਵਿਚ (ਅੱਪੜ ਕੇ) ਸੁਖ ਪ੍ਰਾਪਤ ਹੋ ਜਾਂਦਾ ਹੈ:

**"ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ ॥"** (ਅੰਕ 1240)

ਜੇ ਨਾਮ ਵਿਚ ਸੁਰਤਿ ਜੋੜੀ ਰੱਖੀਏ ਤਾਂ ਪਵਿਤ੍ਰਤਾ ਪ੍ਰਾਪਤ ਹੁੰਦੀ ਹੈ, ਮਨ ਨੂੰ ਵੱਸ ਕਰਨ ਦੀ ਸਮਰੱਥਾ ਆ ਜਾਂਦੀ ਹੈ, ਜਮ/ਮੌਤ ਦਾ ਡਰ ਨੇੜੇ ਨਹੀਂ ਢੁੱਕਦਾ:

**"ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥"** (ਅੰਕ 1240)

ਹਿਰਦੇ ਵਿਚ (ਪ੍ਰਭੂ ਦੀ ਜੋਤਿ ਦਾ) ਚਾਨਣ ਹੋ ਜਾਂਦਾ ਹੈ (ਤੇ ਆਤਮਕ ਜੀਵਨ ਦੀ ਸੂਝ ਵਲੋਂ) ਹਨੇਰਾ ਦੂਰ ਹੋ ਜਾਂਦਾ ਹੈ:

**"ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ ॥"** (ਅੰਕ 1240)

ਆਪਣੇ ਅਸਲੇ ਨੂੰ ਸਮਝ ਲਈਦਾ ਹੈ ਤੇ ਪ੍ਰਭੂ ਦਾ ਨਾਮ (ਜੋ ਮਨੁੱਖਾ ਜੀਵਨ ਦਾ ਅਸਲ) ਲਾਭ (ਹੈ) ਖੱਟ ਲਈਦਾ ਹੈ:

**"ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥"** (ਅੰਕ 1240)

ਸਾਰੇ ਪਾਪ ਨਾਸ ਹੋ ਜਾਂਦੇ ਹਨ, ਪਵਿਤ੍ਰ ਸੱਚਾ ਪ੍ਰਭੂ ਮਿਲ ਪੈਂਦਾ ਹੈ:

**"ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥"** (ਅੰਕ 1240)

ਹੇ ਨਾਨਕ! ਜੇ ਨਾਮ ਵਿਚ ਧਿਆਨ ਜੋੜੀਏ ਤਾਂ ਮੱਥੇ ਖਿੜੇ ਰਹਿੰਦੇ ਹਨ। ਪਰ ਇਹ

ਨਾਮ ਉਹੀ ਮਨੁੱਖ ਸਿਮਰ ਸਕਦਾ ਹੈ ਜੋ ਗੁਰੂ ਦੇ ਦੱਸੇ ਰਾਹ ਉਤੇ ਤੁਰਦਾ ਹੈ:

**"ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥"** (ਅੰਕ 1240)

## Why There is no woman Guru: Part 2

Dr. Kala Singh (kala.singh18@gmail.com

**(Kindly read Part 1 in previous issue to establish link)**

### Gurus and Bhagats used the prevalent thinking at that time to make their point

**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥ (ਪੰਨਾ 451)**

The God killed the wicked Harnaakhash, and saved Prahlaad.

**ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ (ਪੰਨਾ 6)**

The Praanic wind, water and fire, the Righteous Judge of Dharma sings at Your Door. Chitr and Gupt, the angels of the conscious and the subconscious who record actions, and the Righteous Judge of Dharma who judges this record sing. Shiva, Brahma and the Goddess of Beauty, ever adorned, sing. Indra, seated upon His Throne, sings with the deities at Your Door.

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ (ਪੰਨਾ 7)**

The One Divine Mother conceived and gave birth to the three deities: One, the Creator of the World; One, the Sustainer; and One, the Destroyer.

**ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥ (ਪੰਨਾ 1429)**

Ram passed away, as did Ravan, even though he had lots of relatives. Says Nanak, nothing lasts forever; the world is like a dream.

**ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ॥ ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ (ਪੰਨਾ 693)**

As the sun is dear to the Chakvi duck, and the lake of Mana Sarovar is dear to the swan, and the husband is dear to his wife, so is the God to my mind.

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥ (ਪੰਨਾ 8)**

In minting *Shabd* let self-control (*Jatt*) be the shop of the goldsmith, and patience (*Dhiraj*) the goldsmith. Apply tool of spiritual wisdom (*Mat*) on your understanding the anvil (*Ahran* Place to beat gold). Command (*Hukam*) of God as the bellows (*Khla*), hard labour

of living life according to Guru's teachings the fire.

In *Kuthali* of love, melt (Mould) the eternal essence of spirituality. In such a True Mint *Shabd* is minted.

There are generally four sources for earning money - farming, shop, business, and job. This word says that the wealth of the world will leave you when you leave here, the only thing that will stay with you is name-money, to accumulate it you have to work hard just like a farmer works hard in farming, like a shopkeeper in a shop, like a merchant in business, and like an employee in a job.

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ (ਪੰਨਾ 595)**

In minting *Shabd* let self-control (*Jatt*) be the shop of the goldsmith, and patience (*Dhiraj*) the goldsmith. Apply tool of spiritual wisdom (*Mat*) on your understanding the anvil (*Ahran* Place to beat gold). Command (*Hukam*) of God as the bellows (*Khla*), hard labour of living life according to Guru's teachings the fire. In *Kuthali* of love, melt (Mould) the eternal essence of spirituality. In such a True Mint *Shabd* is minted. Those who understand it and work on it and mint their *Shabd*, Nanak says they are always in a blissful state. To mint the *Shabd* one needs Self Control, Patience, Guru's Spiritual Wisdom (in place of your wisdom), understanding Command (*Hukam*) of God, Love of Creation of God and Hard Labour of living life according to Guru's teachings.

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥ ਆਦੇਸੁ ਤਿਸੈ ਆਦੇਸੁ॥ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ (ਪੰਨਾ 6)**

Referring to Yogies who wear ear rings, cover body with ashes and carry a begging bowl, Guru Nanak is advising the humanity to make contentment your ear-rings, humility your begging bowl, and remembering Virtues of the God the ashes you apply to your body. That means when my mind (*Mann*) is contented and all sense organs (Body) are under the protection of Godly Virtues, worldly temptations cannot affect me. Yogies wear patched cloth which represents wearing a cloth of Godly Virtues and carry a firm rod in the hand which represents firm unflinching faith in Godly Virtues. When mind (*Mann*) wear a cloth of Godly Virtues, sense organs are free (Virgin) of worldly temptations (*Kuari Kaya*) and firm faith (*Parteet*) in Godly Virtues is walking stick (*Ddandda*), one obtains a lifetime of liberation from worldly temptations. Yogies consider *Ayi Panthi* as the superior most of all Yogies *Panthies*. My superior most path (*Ayi Panthi*) of spirituality makes my mind (*Mann*) win over all worldly temptations. In

that state of mind I don't discriminate any one on the basis of religion, caste, color and gender. I am then not afraid of spiritual death. I submit in obeisance to the spiritual wisdom of Godly Virtues, only to the one unchanging, eternal and unblemished Creator who created new creation of my mind (*Mann*) which cannot be shaken by worldly temptations. My new creation is fully spiritually enlightened. All sense organs are also eternally in that state of enlightenment (*Jug Jug Eko Ves*).

**ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥ (ਪੰਨਾ 360)**

*Yogies* make and drink intoxicating spirit to concentrate their mind (*Mann*) while meditating. Guru Nanak is directing this *Shabd* to make different type of spirit. Make spiritual knowledge and wisdom your molasses, and mind (*Mann*) attached to that knowledge your scented flowers (*Mahua da Phul*) and let good deeds be the herbs. Burn the love of physical body, be the distilling fire, and love for the God and God's creation the piece of cloth (*Pocha*) you put on the distilling tube. Thus the sweet nectar of life, Virtues of the God (*Amrit*) is distilled.

**(Kindly read Part 3 in next issue)**

# ਪੰਚ ਸਬਦ (ਅਨਹਦ ਨਾਦ): ਭਾਗ 2

ਸਰਦਾਰਨੀ ਕਿਰਪਾਲ ਕੌਰ (ਨਿਆਗਰਾ ਫਾਲ, ਕੈਨੇਡਾ)

**(ਲੜੀ ਜੋੜਨ ਲਈ ਪਿਛਲੇ ਅੰਕ ਵਿਚ ਭਾਗ 1 ਪੜਨ ਦੀ ਕਿਰਪਾ ਕਰਨੀ ਜੀ)**

ਪਰ ਗੁਰੂ ਪਿਆਰਿਓ ਜਦੋਂ ਤਕ ਇਹ ਦਹਿਦਿਸ ਧਾਂਵਦਾ ਮਨੁ ਟਿਕਾ ਵਿਚ ਆ ਕੇ ਨਿਰਵਿਚਾਰ ਨਹੀਂ ਹੁੰਦਾ, ਉਦੋਂ ਤਕ ਇਹ ਮਾਇਆ ਨਗਰੀ ਤੋਂ ਨਿਜਾਤ ਪਾ ਕੇ ਚਉਥੇ ਪਦ ਭਾਵ ਆਤਮ ਮੰਡਲ ਵਿਚ ਪ੍ਰਵੇਸ਼ ਨਹੀਂ ਕਰ ਸਕਦਾ। ਅਜਿਹੇ ਮਨ ਨੂੰ ਟਿਕਾਅ ਵਿਚ ਲਿਆਉਂਣ ਦਾ ਇਕੋ ਇਕ ਸਾਧਨ ਸਮਰੱਥ ਗੁਰੂ ਦੀ ਸ਼ਰਨ ਹੈ ਜੀ। ਜਿਥੇ ਪਹੁੰਚ ਕੇ ਗੁਰੂ ਉਪਦੇਸ਼ ਦੁਆਰਾ ਉਸ ਨੂੰ ਸੋਝੀ ਪ੍ਰਾਪਤ ਹੁੰਦੀ ਹੈ ਕਿ ਇਹ ਸਾਰੀ ਰਚਨਾ ਨਾਸ਼ਵਾਨ ਹੈ, ਸਦਾ ਥਿਰ ਰਹਿਣ ਵਾਲੀ ਤਾਂ ਇਕ ਪ੍ਰਮਾਤਮ ਸ਼ਕਤੀ ਹੈ। ਫਿਰ ਉਸ ਗੁਰਮੁਖ ਹੋਏ ਪ੍ਰਾਣੀ ਦੇ ਮਨ ਵਿਚ ਪ੍ਰਮਾਤਮਾ ਲਈ ਪ੍ਰੇਮ ਭਾਵਨਾ ਤੇ ਸੰਸਾਰ ਲਈ ਵੈਰਾਗ ਪੈਦਾ ਹੋ ਜਾਂਦਾ ਹੈ। ਇਕ ਵੈਰਾਗੀ ਹੋਇਆ ਮਨ ਪਰਮਾਰਥ ਵਲ ਜਾਂਣ ਦੀ ਤਾਂਘ ਰਖਦਾ ਹੈ। ਫਿਰ ਅਜੇਹੇ ਸ਼ਰਧਾ ਭਾਵਨਾ ਵਾਲੇ ਜਗਿਆਸੂ ਦੀ ਅਭਿਆਸ ਕਮਾਈ ਜਰੂਰ ਸਫਲ ਹੋ ਜਾਂਦੀ ਹੈ। ਜਦੋਂ ਉਹ ਗੁਰੂ ਦੀ ਕਿਰਪਾ ਦੇ ਪਾਤਰ ਬਣ ਜਾਂਦੇ ਹਨ ਤਾਂ ਦਸਮ ਦੁਆਰ ਦੀ ਵਿਸਮਾਦੀ ਅਨੰਦ ਵਾਲੀ ਅਵਸਥਾ ਦੀ ਪ੍ਰਾਪਤੀ ਕਰ ਕੇ, ਅਨਹਦ ਸਬਦ ਦੀ ਅਨੰਦੀ ਮੌਜ ਨੂੰ ਮਾਣਦੇ ਹਨ। ਸਤਿਗੁਰੂ ਨਾਨਕ ਜੀ ਮਨੁੱਖ ਨੂੰ ਸਮਝਾਉਂਦੇ ਹਨ:

**"ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ॥ ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ॥ ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥ ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ॥ ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ॥ ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ॥"** (ਪੰਨਾ 945)

ਅਨਹਦ ਸਬਦ ਦੀ ਇਹ ਖੇਡ ਗੁਰਮਤ ਦੇ ਸਿਧਾਂਤ ਤੇ ਚਲੇ ਬਗੈਰ ਵਰਤਦੀ ਹੀ ਨਹੀਂ। ਅਸਲ ਗੱਲ ਤਾਂ ਇਹ ਹੈ ਕਿ ਚੰਚਲ ਮਨੁਆ ਹੋਰਨਾਂ ਮਤਾਂ ਦੇ ਦਸੇ ਉਪਾਵਾਂ ਨਾਲ ਵਸ ਵਿਚ ਹੀ ਨਹੀਂ ਆਉਂਦਾ। ਜੇ ਵਸ ਵਿਚ ਆਉਂਦਾ ਹੈ ਤਾਂ ਗੁਰਮਤ ਗ੍ਰਹਿਣ ਕੀਤਿਆਂ। ਪੈਂਤੀ ਮਹਾਂਪੁਰਸ਼ਾਂ ਦੀ ਨਿਰੰਜਨੀ ਜੋਤ ਸਰੂਪ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ, ਸਤਿਗੁਰ ਦੀ ਪਦਵੀ ਹੋਰ ਕਿਸੇ ਦੇਹਧਾਰੀ ਨੂੰ ਪ੍ਰਾਪਤ ਨਹੀਂ ਹੈ ਜੀ। ਸਮਰੱਥ ਗੁਰੂ ਦੀ ਸ਼ਰਣ ਗਿਆਂ ਤੇ ਨਾਮ ਗੁਰਮੰਤਰ ਦੀ ਅਟੁਟ ਕਮਾਈ ਕੀਤਿਆਂ ਗੁਰੂ ਕਿਰਪਾ ਵਰਤ ਜਾਂਦੀ ਹੈ, ਜਿਹਦੇ ਨਾਲ ਅਨੰਦ ਵਿਚ ਲੀਨ ਹੋਇਆਂ, ਇਹ ਦਹਿਦਿਸ ਧਾਂਵਦਾ ਮਨ ਥੰਮ ਜਾਂਦਾ ਹੈ। ਫਿਰ ਸੁਰਤ ਸਬਦ ਵਿਚ ਲੀਨ ਹੋਣ ਨਾਲ ਦਸਮ ਦੁਆਰ ਦੇ ਪਟ ਖੁਲ੍ਹ ਜਾਂਦੇ ਹਨ ਤੇ ਇਹ ਅਨਹਦ ਸਬਦ ਵਾਲੀ ਅਲੌਕਿਕ ਖੇਡ ਵਰਤ ਜਾਂਦੀ ਹੈ। ਇਸ ਅਵਸਥਾ ਦੀ ਪ੍ਰਾਪਤੀ ਨਾਲ ਗੁਰਮੁਖ ਨੂੰ ਆਤਮ ਰਸ ਵਾਲਾ ਅੰਮ੍ਰਿਤ ਭੋਜਨ ਮਿਲ ਜਾਂਦਾ ਹੈ। ਫਿਰ ਭਲਾ ਅਜਿਹੇ ਜਨ ਨੂੰ ਹੋਰ ਕਿਸੇ ਦੁਨਿਆਵੀ ਰਸ ਦੀ ਭੁੱਖ ਤੇ ਭਾਲ ਕਿਵੇਂ ਰਹਿ ਸਕਦੀ ਹੈ। ਕਿਉਂਕਿ ਇਸ ਤੋਂ ਉਪਰ ਹੋਰ ਕੋਈ ਵੀ ਦੁਨਿਆਵੀ ਅਨੰਦ ਹੋ ਹੀ ਨਹੀਂ ਸਕਦਾ। ਅਗੰਮੀ ਅੰਮ੍ਰਿਤ-ਬਾਣੀ ਦੇ ਕੀਰਤਨ ਦੀ ਰੁਣਝੁਣਕਾਰ, ਇਕ ਰਸ ਬਿਸਮਾਦੀ ਨਾਦ ਦੀਆਂ ਧੁਨੀਆਂ ਸੁਣਾਈ ਪੈਣ ਲਗ ਜਾਂਦੀਆਂ ਹਨ ਜੀ। ਇਵੇਂ ਲਗਦਾ ਹੈ ਜਿਵੇਂ ਧੁਰ ਕੀ ਬਾਣੀ ਦੇ ਕੀਰਤਨ ਅਖਾੜੇ ਹਰ ਪਾਸੇ ਗੂੰਜ ਰਹੇ ਹੋਣ। ਹਰ ਸ਼ੈ ਵਿਚੋਂ ਕੀਰਤਨ ਹੁੰਦਾ ਸੁਣਾਈ ਦਿੰਦਾ ਹੈ। ਅਜਿਹੀ ਅਵਸਥਾ ਬਾਰੇ ਸਤਿਗੁਰ ਅਮਰ ਦਾਸ ਜੀ ਫਰਮਾ ਰਹੇ ਹਨ:

**"ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ॥ ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥ ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥ ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥ ਤਹ ਅਨੇਕ ਵਾਜੇ ਸਦਾ ਅਨਹਦੁ ਹੈ ਸਚੇ ਰਹਿਆ ਸਮਾਏ॥ ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ॥"** (ਪੰਨਾ 441)

ਸੋ ਗੁਰੂ ਪਿਆਰਿਓ, ਇਸ ਗੁਰੂਵਾਕ ਦਾ ਤੱਤ ਵਿਚਾਰ ਭਗਤ ਜਨਾਂ ਦੀ ਹੱਡ ਬੀਤੀ ਦਾ ਵਖਿਆਨ ਹੈ ਜੀ। ਉਹ ਗੁਰਮੁਖ ਜਨ, ਇਸ ਮੰਜਲ ਤੇ ਪਹੁੰਚਣ ਲਈ ਸ਼ਰਧਾ ਭਾਵਨਾ ਵਾਲਾ ਹੀ ਹੋਵੇਗਾ, ਜਿਸ ਨੂੰ ਅਪਣੇ ਗੁਰੂ (ਸਬਦ-ਗੁਰੂ) ਤੇ ਰਤਾ ਭਰ ਵੀ ਸ਼ੰਕਾ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁਚੀ ਬਾਣੀ ਅੰਦਰ, ਅਨਹਦ ਸਬਦ ਦੀ ਮਹਿਮਾਂ ਬਾਰ ਬਾਰ ਦਰਸਾਈ ਗਈ ਹੈ। ਪਰੰਤੂ ਗੁਰੂ ਦੀ ਬਾਣੀ ਉਪਰ ਨਿਸ਼ਚਾ ਰੱਖਣ ਵਾਲੇ ਕੁਝ ਇਕ ਨੂੰ ਅਜੇ ਤਾਈਂ ਇਸ ਅਵਸਥਾ ਤੇ ਪੂਰਨ ਵਿਸ਼ਵਾਸ਼ ਨਹੀਂ ਕਿ ਇਹ ਵਾਸਤਵਿਕ ਸਚਾਈ ਹੈ ਕਿ ਨਹੀਂ। ਪਰ ਇਹ ਸ਼ੰਕੇ ਤਾਂ ਉਨ੍ਹਾਂ ਦੇ ਮਨ ਵਿਚ ਹੀ ਉਪਜਦੇ ਹਨ, ਜਿਨ੍ਹਾਂ ਨੇ ਗੁਰੂ ਦੀ ਬਾਣੀ ਨੂੰ ਸਿਰਫ ਪਾਠ ਸਮਝ ਕੇ ਪੜਿਆ ਹੈ ਪਰ ਅਮਲੀ ਤੌਰ ਤੇ ਕਮਾਇਆ ਨਹੀਂ। ਮੰਨ ਲਉ ਗੁਰੂ ਸਬਦ ਦੀ ਕਮਾਈ ਨਹੀਂ ਕੀਤੀ। ਪਰ ਜੋ ਗੁਰੂ ਸਮਝਾ ਰਿਹਾ ਹੈ ਕੀ ਸਾਨੂੰ ਉਸ ਤੇ ਵੀ ਭਰੋਸਾ ਨਹੀਂ?

ਸੱਚ ਤਾਂ ਇਹ ਹੈ ਕਿ ਇਸ ਅਵਸਥਾ ਬਾਰੇ ਓਹੀ ਜਾਣ ਸਕਦਾ ਹੈ ਜਿਸ ਤੇ ਗੁਰੂ ਦੀ ਕਿਰਪਾ ਹੋ ਜਾਏ। ਪਰ ਜੇ ਸਾਡਾ ਆਪਣੇ ਗੁਰੂ ਤੇ ਵਿਸ਼ਵਾਸ਼ ਹੈ ਤਾਂ ਗੁਰੂ ਦੀ ਬਾਣੀ ਜੋ ਕਹਿ ਰਹੀ ਹੈ ਉਸ ਨੂੰ ਸਤਿ ਕਰ ਕੇ ਮੰਨ ਲੈਣਾਂ ਚਾਹੀਦਾ ਹੈ। ਸਤਿਗੁਰ ਰਾਮ ਦਾਸ ਜੀ ਦੇ ਮਹਾਂਵਾਕ ਅਨੁਸਾਰ:

**"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥"** (ਪੰਨਾ 308)

ਗੁਰੂ ਦੇ ਉਪਦੇਸ਼ ਨੂੰ ਸਿਰਫ ਮੰਨਿਆਂ ਹੀ ਨਾ ਜਾਏ ਬਲਕਿ ਉਸ ਅਵਸਥਾ ਦੀ ਪ੍ਰਾਪਤੀ ਲਈ ਆਪਣੇ ਅਮਲੀ ਜੀਵਨ ਵਿਚ ਗੁਰੂ ਸਬਦ ਦੀ ਘਾਲਣਾ ਕਮਾਈ ਕੀਤੀ ਜਾਣੀ ਚਾਹੀਦੀ ਹੈ। ਸਾਡਾ ਗੁਰੂ ਜੋ ਸਾਨੂੰ ਸਮਝਾ ਰਿਹਾ ਹੈ ਉਹ ਗੁਰੂ ਨੇ ਪਰਤੱਖ ਦੇਖਿਆ ਤੇ ਸੁਣਿਆ ਹੈ। ਪੰਜਵੇਂ ਪਾਤਸ਼ਾਹ ਰਾਗ ਰਾਮਕਲੀ ਫੁਰਮਾ ਰਹੇ ਹਨ:

**"ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥ ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥ ਨਾਨਕ ਕਾ ਪ੍ਰਭੁ ਆਪੇ ਆਪਿ॥"** (ਪੰਨਾ 894)

ਗੁਰਮੁਖ ਦਾ ਇਹੀ ਪਦ ਪਰਮਾਰਥੜਾ ਮਾਰਗ ਕਹਿਲਾਉਂਦਾ ਹੈ। ਜਗਿਆਸੂ ਨੂੰ ਇਸ ਮਾਰਗ ਤੇ ਕੋਈ ਵੀ ਰੁਕਾਵਟ ਨਹੀਂ ਆ ਸਕਦੀ, ਕਿਉਂਕਿ ਉਹ ਸਾਰੀਆਂ ਅਵਸਥਾਵਾਂ ਅੰਦਰ ਪ੍ਰਮਾਤਮਾ ਦੀ ਸਿਫਤ-ਸਲਾਹ ਦਾ ਪਰਵਾਹ ਜਾਰੀ ਰੱਖਦਾ ਹੈ। ਉਹ ਖੋਜੀ ਹੋਏ ਜਗਿਆਸੂ ਅੱਗੇ ਹੀ ਅੱਗੇ ਜਾਣ ਦੀ ਤਾਂਗ ਰਖਦੇ ਹਨ। ਇਵੇਂ ਸੱਚੀ ਗੁਰਮਤ ਭਗਤੀ ਦਾ ਸੱਚਾ ਸੁਖ ਉਨ੍ਹਾਂ ਨੂੰ ਪ੍ਰਾਪਤ ਹੋ ਜਾਂਦਾ ਹੈ। ਗੁਰਪ੍ਰਸਾਦਿ ਦੁਆਰਾ ਦ੍ਰਿੜ ਹੋਇਆ ਗੁਰਮੰਤਰ ਅਭਿਆਸ ਦੀ ਕਮਾਈ ਕਰਦਿਆਂ, ਗੁਰਮੁਖ ਜਨ ਦੇ ਅੰਦਰੋਂ ਵੱਖਰੀ ਹੀ ਕਿਸਮ ਦਾ ਅੰਮ੍ਰਿਤ-ਰਸ ਉਮੜ ਆਉਂਦਾ ਹੈ। ਅੰਮ੍ਰਿਤ-ਨਾਮ ਦਾ ਇਹੀ ਅਨੰਦ, ਗੁਰਸਿੱਖ ਦੀ ਬਿਰਤੀ ਨੂੰ ਬਿਸਮਾਦ ਵਿਚ ਲੀਨ ਕਰੀ ਰੱਖਦਾ ਹੈ ਤੇ ਉਨ੍ਹਾਂ ਦੇ ਆਤਮ-ਮੰਡਲ ਵਿਖੇ ਅਨਹਦ ਧੁਨੀ ਦੇ ਵਾਜੇ ਸਦਾ ਵੱਜਦੇ ਰਹਿੰਦੇ ਹਨ। ਇਹੀ ਮਰਜੀਵੜੇ ਅਗੇ ਜਾ ਕੇ ਸੱਚੇ ਦਰਬਾਰ ਅੰਦਰ ਸੱਚੀ ਸੋਭਾ ਪਾਉਂਦੇ ਹਨ। ਸਤਿਗੁਰ ਰਾਮ ਦਾਸ ਜੀ ਫੁਰਮਾਉਂਦੇ ਹਨ:

**"ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ॥ ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ॥ ਅਨਹਦ ਧੁਨੀ**

**ਦਰਿ ਵਜਦੇ ਦਰਿ ਸਚੈ ਸੋਭਾ ਪਾਇ॥ ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ॥ ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ॥ ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ॥"** (ਪੰਨਾ 41-42)

ਸੋ ਗੁਰਮੁਖਿ ਪਿਆਰਿਓ ਸਤਿਗੁਰ ਫੁਰਮਾ ਰਹੇ ਹਨ ਕਿ ਉਨ੍ਹਾਂ ਗੁਰਮੁਖਾਂ ਦੇ ਬਹੁਤ ਵਡੇ ਭਾਗ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰਮਾਤਮਾ ਰੂਪੀ ਅੰਮ੍ਰਿਤ-ਨਾਮ ਦਾ ਖਜਾਨਾ ਪਰਗਟ ਹੋ ਜਾਂਦਾ ਹੈ ਤੇ ਉਹ ਸਹਿਜ ਅਨੰਦ ਵਾਲੀ ਅਵਸਥਾ ਪ੍ਰਾਪਤ ਕਰ ਲੈਂਦੇ ਹਨ। ਇਸ ਸੰਸਾਰ ਵਿਚ ਮਾਣਸ ਜਾਮਾ ਲੈ ਕੇ ਆਏ ਪ੍ਰਾਣੀ ਦਾ ਜਨਮ ਸਫਲ ਹੋ ਜਾਂਦਾ ਹੈ। ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ:

**"ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ॥ ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥"** (ਪੰਨਾ 1315)

ਸੰਗਤ ਜੀ ਐਨੀ ਕੁ ਸੇਵਾ ਪ੍ਰਵਾਨ ਕਰਨੀ। ਲਿਖਦਿਆਂ ਹੋਈ ਭੁਲ ਚੁਕ ਨੂੰ ਮਾਫ ਕਰ ਦੇਣਾਂ ਜੀ।

# ਸਿਮਰਨ ਤੋਂ ਪ੍ਰਾਪਤੀਆਂ: ਭਾਗ 2

**ਸਰਦਾਰ ਫੂਲਾ ਸਿੰਘ (ਅਮਰੀਕਾ)**

**(ਲੜੀ ਜੋੜਨ ਭਾਗ 1 ਪਿਛਲੇ ਅੰਕ ਵਿਚ ਪੜਨ ਦੀ ਕ੍ਰਿਪਾ ਕਰੋ ਜੀ)**

### ਸਿਮਰਨ ਕਰਨ ਨਾਲ ਚਿੰਤਾ ਦੂਰ ਹੋ ਜਾਂਦੀ ਹੈ

ਜਗਤ ਦਾ ਜੀਵਨ ਫੁੱਲਾਂ ਦੀ ਸੇਜ ਨਹੀਂ ਹੈ। ਦੁਨੀਆਂ ਵਾਲੀਆਂ ਜ਼ਿੰਮੇਵਾਰੀਆਂ ਨਾਲ ਵਾਹ ਪੈਣਾ ਹੀ ਹੈ। ਪਰ ਜੇ ਸਿਆਣੇ ਹੋ ਕੇ ਵਾਹਿਗੁਰੂ ਦੇ ਸਿਮਰਨ ਵਿਚ ਟਿਕੇ ਰਹੀਏ ਤਾਂ ਬਾਲ-ਅਵਸਥਾ ਵਾਲੀ ਬੇ-ਫਿਕਰੀ ਕਾਇਮ ਰਹਿ ਸਕਦੀ ਹੈ। ਦੁਨੀਆ ਦੀ ਕਿਰਤ-ਕਾਰ ਭੀ ਕਰੀਏ, ਤੇ ਪ੍ਰਭੂ ਦੀ ਗੋਦ ਵਿਚ ਟਿਕੇ ਰਹਿ ਕੇ ਨਿੱਤ ਇਹ ਲੋਰੀ ਗਾਂਦੇ ਸੁਣਦੇ ਰਹੀਏ:

**"ਨਾਨਕ ਚਿੰਤਾ ਮਤਿ ਕਰਹੁ, ਚਿੰਤਾ ਤਿਸ ਹੀ ਹੇਇ॥ ਜਲ ਮਹਿ ਜੰਤ ਉਪਾਇਅਨੁ, ਤਿਨਾ ਭੀ ਰੋਜੀ ਦੇਇ॥ ਓਥੈ ਹਟੁ ਨ ਚਲਈ, ਨਾ ਕੋ ਕਿਰਸ ਕਰੇਇ॥ ਸਉਦਾ ਮੂਲਿ ਨ ਹੋਵਈ, ਨ ਕੋ ਲਏ ਨ ਦੇਇ॥"** (ਅੰਕ 955)

ਜਗਤ ਇਕ ਮੇਲੇ ਦੀ ਨਿਆਈਂ ਹੈ। ਜਗਤ ਦੇ ਧੰਧੇ ਮੇਲੇ ਦਾ ਭੀੜ-ਭੜੱਕਾ ਹੈ। ਮੇਲੇ ਦੇ ਧੱਕਿਆਂ ਵਿਚ ਜਿਸ ਭੀ ਜੀਵ ਨੇ ਪ੍ਰਭੂ-ਪਿਤਾ ਦੀ ਉਂਗਲੀ ਛੱਡ ਦਿੱਤੀ, ਪਰਮਾਤਮਾ ਦੀ ਯਾਦ ਵਿਸਾਰ ਦਿੱਤੀ, ਜਗਤ ਦੇ ਸਹਸੇ ਸਹਿਮ ਉਸ ਨੂੰ ਆ ਦਬਾਂਦੇ ਹਨ। ਉਸ ਦੇ ਭਾਗਾਂ ਵਿਚ ਦੁੱਖ ਹੀ ਦੁੱਖ ਹੁੰਦੇ ਹਨ:

**"ਹਰਿ ਕੇ ਨਾਮ ਬਿਨਾ ਦੁਖੁ ਪਾਵੈ॥ ਭਗਤਿ ਬਿਨਾ ਸਹਸਾ ਨਹਿ ਚੂਕੈ, ਗੁਰੁ ਇਹੁ ਭੇਦੁ ਬਤਾਵੈ॥ ਰਹਾਉ॥ ਕਹਾ ਭਇਓ ਤੀਰਥ ਬ੍ਰਤ ਕੀਏ, ਰਾਮ ਸਰਨ ਨਹੀ ਆਵੈ॥ ਜੋਗ ਜਗ ਨਿਹਫਲ ਤਿਹ ਮਾਨਉ, ਜੋ ਪ੍ਰਭ ਜਸੁ ਬਿਸਰਾਵੈ॥"** (ਅੰਕ 831)

ਕਾਮਯਾਬੀ ਦਾ ਅਸਲ ਭੇਤ ਹੀ ਇਹ ਹੈ ਕਿ ਜਿਹੜਾ ਕੰਮ ਸ਼ੁਰੂ ਕਰਨ ਲੱਗੋ, ਪਹਿਲਾਂ ਵਾਹਿਗੁਰੂ ਦੀ ਯਾਦ ਵਿਚ ਜੁੜੋ, ਉਸ ਦਾ ਆਸਰਾ ਲਵੋ:

**"ਕੀਤਾ ਲੋੜੀਐ ਕੰਮੁ, ਸੁ ਹਰਿ ਪਹਿ ਆਖੀਐ॥ ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥"** (ਅੰਕ 91)

### ਸਿਮਰਨ ਕਰਨ ਨਾਲ ਨਿਰਭੈਤਾ ਪੈਦਾ ਹੁੰਦੀ ਹੈ

ਦੁਨੀਆ, ਮਾਨੋ ਇਕ ਭੀਹਾਵਲਾ ਬਨ ਹੈ, ਭਾਵ ਡਰਾਉਣਾ ਜੰਗਲ ਹੈ। ਦੁਨੀਆ ਦੇ ਧੰਧਿਆਂ ਦੇ ਚਿੰਤਾ-ਫ਼ਿਕਰ ਜੀਵ ਨੂੰ ਏਨਾ ਆ ਦਬਾਂਦੇ ਹਨ ਕਿ ਇਹ ਆਪਣੇ ਆਪ ਨੂੰ ਇਕੱਲਾ ਤੇ ਅਨਾਥ ਸਮਝਣ ਲਗ ਜਾਂਦਾ ਹੈ। ਪਰ ਜਿਹੜਾ ਸੁਭਾਗਾ ਬੰਦਾ ਪਰਮਾਤਮਾ ਨੂੰ ਯਾਦ ਕਰਦਾ ਹੈ, ਪਰਮਾਤਮਾ ਦਾ ਸਿਮਰਨ ਕਰਦਾ ਹੈ, ਉਸ ਨੂੰ ਪਰਮਾਤਮਾ ਇਸ ਡਰਾਉਣੇ ਜੰਗਲ ਵਿਚ ਆਪਣਾ ਸਾਥੀ ਪ੍ਰਤੀਤ ਹੋ ਜਾਂਦਾ ਹੈ। ਫਿਰ ਉਸ ਦੇ ਅੰਦਰ ਨਿਡਰਤਾ ਆਉਂਦੀ ਹੈ। ਸਾਹਿਬ ਪੰਚਮ ਪਾਤਿਸ਼ਾਹ ਆਖਦੇ ਹਨ ਕਿ ਇਸ ਡਰਾਵਣੇ ਜੰਗਲ ਦੀ ਇਕੱਲ ਦਾ ਡਰ ਦੂਰ ਕਰਨ ਲਈ ਮੈਨੂੰ ਪਰਮਾਤਮਾ ਦਾ ਨਾਮ ਸਾਥੀ ਮਿਲ ਗਿਆ ਹੈ:

**"ਬਨਿ ਭੀਹਾਵਲੈ ਹਿਕੁ ਸਾਥੀ ਲਧਮੁ, ਦੁਖ ਹਰਤਾ ਹਰਿ ਨਾਮਾ॥ ਬਲਿ ਬਲਿ ਜਾਈ ਸੰਤ ਪਿਆਰੇ, ਨਾਨਕ ਪੂਰਨ ਕਾਮਾ॥"** (ਅੰਕ 519)

ਗੁਰੂ ਜੀ ਨੇ ਸਮਝਾਇਆ ਕਿ ਪ੍ਰਭੂ ਦਾ ਨਾਮ ਹਰ ਵੇਲੇ ਸਿਮਰੋ, ਇਸ ਤਰ੍ਹਾਂ ਜਿਉਂ ਜਿਉਂ ਗੁਰੁ ਆਪਣੇ ਨਾਲ ਸੰਗੀ ਦਿੱਸੇਗਾ ਤਾਂ ਅਕਾਲ ਪੁਰਖ ਦੀ ਰਜ਼ਾ ਪਿਆਰੀ ਲੱਗਣ ਲਗ ਪਏਗੀ ਤੇ ਕੋਈ ਡਰ-ਸਹਿਮ ਨੇੜੇ ਨਹੀਂ ਆਵੇਗਾ:

**"ਹਰਿ ਕਾ ਨਾਮੁ ਰਿਦੈ ਨਿਤ ਧਿਆਈ॥ ਸੰਗੀ ਸਾਥੀ ਸਗਲ ਤਰਾਈ॥ ਗੁਰੁ ਮੇਰੈ ਸੰਗਿ ਸਦਾ**

**ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥ ਰਹਾਉ॥ ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥** (ਅੰਕ 394)

ਸਾਡੀ ਰੋਜ਼ਾਨਾ ਹੱਡ-ਬੀਤੀ ਸਾਨੂੰ ਇਹੀ ਦਸਦੀ ਹੈ ਕਿ ਡਰ ਹੈ ਹੀ ਇਕੱਲ ਵਿਚ। ਜਿਸ ਸੁਭਾਗੇ ਨੂੰ ਹਰ ਵੇਲੇ ਇਹ ਚੇਤਾ ਰਹੇ, ਇਹ ਯਕੀਨ ਬਣਿਆ ਰਹੇ ਕਿ ਮੇਰਾ ਗੁਰੁ ਪਾਤਿਸ਼ਾਹ ਮੈਨੂੰ ਹਰ ਔਕੜ ਵਿਚ ਜ਼ਰੂਰ ਬਚਾਏਗਾ, ਮੇਰਾ ਸਾਥ ਕਦੇ ਨਹੀਂ ਛੱਡੇਗਾ, ਉਹ ਕਿਵੇਂ ਡਰ ਸਕਦਾ ਹੈ ? ਇਸ ਸਚਾਈ ਦਾ ਹੋਕਾ ਗੁਰੂ ਅਰਜਨ ਸਾਹਿਬ ਇਉਂ ਦੇਂਦੇ ਹਨ:

**"ਡਰਿ ਡਰਿ ਮਰਤੇ ਜਬ ਜਾਨੀਐ ਦੂਰਿ॥ ਡਰੁ ਚੂਕਾ ਦੇਖਿਆ ਭਰਪੂਰਿ॥1॥ ਸਤਿਗੁਰ ਅਪਨੇ ਕਉ ਬਲਿਹਾਰੈ॥ ਛੋਡਿ ਨ ਜਾਈ ਸਰਪਰ ਤਾਰੈ॥1॥ ਰਹਾਉ॥"** (ਅੰਕ 18)

ਸਿਮਰਨ ਦੇ ਸਹਾਰੇ ਜੀਵਨ ਦੀ ਗੁੱਡੀ ਇਤਨੀ ਉੱਚੀ ਚੜ੍ਹਦੀ ਹੈ ਕਿ ਮੌਤ ਕੋਈ ਓਪਰੀ ਸ਼ੈ ਨਹੀਂ ਜਾਪਦੀ। ਜਿਵਾਲਨ ਤੇ ਮਾਰਨ ਵਾਲਾ ਉਹ ਪਰਮਾਤਮਾ ਹੀ ਦਿੱਸਦਾ ਹੈ। ਅੱਗ ਝੱਖੜ ਆਦਿਕ ਭਗਤ ਨੂੰ ਡਰਾ ਨਹੀਂ ਸਕਦਾ। ਉਸ ਨੂੰ ਅੱਗ ਭੀ ਪ੍ਰਭੂ ਦਾ ਰੂਪ ਤੇ ਝੱਖੜ ਭੀ ਪ੍ਰਭੂ ਦਾ ਸਰੂਪ ਹੀ ਦਿੱਸਦਾ ਹੈ। ਜਿਸ ਨੂੰ ਪਰਮਾਤਮਾ ਆਪ ਸਾੜਨਾ ਚਾਹੇ, ਉਸ ਦੀ ਰਾਖੀ ਕੋਈ ਹੋਰ ਧਿਰ ਨਹੀਂ ਕਰ ਸਕਦੀ। ਭਗਤ ਨੂੰ ਪਰਤੱਖ ਨਜ਼ਰੀ ਆਉਂਦਾ ਹੈ ਕਿ ਨਾ ਕੋਈ ਸੜਦਾ-ਮਰਦਾ ਹੈ, ਤੇ ਨਾ ਕਿਸੇ ਦਾ ਕੋਈ ਨੁਕਸਾਨ ਹੁੰਦਾ ਹੈ। ਇਹ ਤਾਂ ਨਟ ਵਾਲੀ ਖੇਡ ਹੈ, ਜੋ ਪਰਮਾਤਮਾ ਦੀ ਰਚਾਈ ਹੋਈ ਹੈ। ਸਿਮਰਨ ਦੀ ਮੌਜ ਵਿਚ ਰਹਿ ਕੇ ਭਗਤ ਸਿਰਫ਼ ਇਹ ਗੱਲ ਜਾਣਦਾ ਹੈ ਕਿ ਜਿਸ ਦੇ ਸਿਰ ਉਤੇ ਰਾਖਾ ਕਰਤਾਰ ਹੈ ਉਸ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਇਹ ਉੱਚੀ ਉਡਾਰੀ ਕਬੀਰ ਜੀ ਨੇ ਇਉਂ ਲਾਈ ਹੈ:

**"ਆਪੇ ਪਾਵਕੁ, ਆਪੇ ਪਵਨਾ॥ ਜਾਰੈ ਖਸਮੁ, ਤ ਰਾਖੈ ਕਵਨਾ॥1॥ ਰਾਮੁ ਜਪਤ ਤਨੁ ਜਰਿ ਕੀ ਨ ਜਾਇ॥ ਰਾਮ ਨਾਮ ਚਿਤੁ ਰਹਿਆ ਸਮਾਇ॥1॥ ਰਹਾਉ॥ ਕਾ ਕੋ ਜਰੈ, ਕਾਹੇ ਹੋਇ ਹਾਨਿ॥ ਨਟ ਵਟ ਖੇਲੈ ਸਾਰਿਗਪਾਨਿ॥2॥ ਕਹੁ ਕਬੀਰ, ਅਖਰ ਦੁਇ ਭਾਖਿ॥ ਹੋਇਗਾ ਖਸਮੁ ਤ ਲੇਇਗਾ ਰਾਖਿ॥3॥"** (ਅੰਕ 329)

(ਭਾਖਿ=ਆਖ। ਅਖਰ ਦੁਇ= ਦੋਵੇਂ ਅੱਖਰ। ਦੋ ਹੀ ਗੱਲਾਂ= ਇਕ ਨਿੱਕੀ ਜਿਹੀ ਗੱਲ।)

ਸਿਮਰਨ ਦੀ ਬਰਕਤ ਨਾਲ ਯਕੀਨ ਬਣ ਜਾਂਦਾ ਹੈ ਕਿ ਪਰਮਾਤਮਾ ਆਪ ਹੀ ਹਰ ਥਾਂ ਰਾਖਾ ਹੈ। ਹੋਰ ਕੋਈ ਕਿਸੇ ਦਾ ਕੁਝ ਵਿਗਾੜ ਨਹੀਂ ਸਕਦਾ। ਉਹ ਆਪ ਹੀ ਜਗਤ ਦੀ ਹਰੇਕ ਖੇਡ, ਖੇਡ ਰਿਹਾ ਹੈ।

## ਸਿਮਰਨ ਕਰਨ ਵਾਲੇ ਦਾ ਕਿਸੇ ਨਾਲ ਵੈਰ ਨਹੀਂ

ਜਿਹੜਾ ਮਨੁੱਖ ਪਰਮਾਤਮਾ ਦੇ ਸਿਮਰਨ ਵਿਚ ਚਿੱਤ ਜੋੜਦਾ ਹੈ, ਉਸ ਦੇ ਅੰਦਰੋਂ ਆਪਣੇ ਪਰਾਏ ਦਾ ਵਿਤਕਰਾ ਮਿਟ ਜਾਂਦਾ ਹੈ। ਇਸ ਅਚਰਜ ਤਬਦੀਲੀ ਦਾ ਜ਼ਿਕਰ ਕਬੀਰ ਜੀ ਹੇਠ ਲਿਖੀਆਂ ਤੁਖਾਂ ਵਿਚ ਇਉਂ ਕਰਦੇ ਹਨ।

ਹੇ ਪ੍ਰਭੂ! ਜੋ ਕੁਝ ਮੇਰੇ ਪਾਸ ਹੈ, ਇਹ ਤਨ, ਮਨ, ਧਨ, ਇਸ ਵਿਚ ਕੋਈ ਚੀਜ਼ ਐਸੀ ਨਹੀਂ ਜਿਸ ਨੂੰ ਮੈਂ ਆਪਣੀ ਆਖ ਸਕਾਂ, ਜੋ ਕੁਝ ਮੇਰੇ ਕੋਲ ਹੈ ਸਭ ਤੇਰਾ ਹੀ ਦਿੱਤਾ ਹੋਇਆ ਹੈ। ਜੇ ਤੇਰੀ ਮਿਹਰ ਹੋਵੇ ਤਾਂ ਤੇਰਾ ਬਖਸ਼ਿਆ ਹੋਇਆ ਇਹ ਤਨ ਮਨ ਧਨ ਮੈਂ ਤੇਰੀ ਭੇਟ ਕਰਦਾ ਹਾਂ। ਇਸ ਲਈ ਮੇਰੇ ਪੱਲਿਓਂ ਕੁਝ ਖਰਚ ਨਹੀਂ ਹੁੰਦਾ:

**"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ, ਕਿਆ ਲਾਗੈ ਮੇਰਾ॥203॥"** (ਅੰਕ 1375)

ਹੇ ਕਬੀਰ! ਪ੍ਰਭੂ ਦੇ ਦਰ ਤੇ ਇਉਂ ਆਖ- ਹੇ ਪ੍ਰਭੂ! ਤੇਰੀ ਮਿਹਰ ਨਾਲ ਹਰ ਵੇਲੇ ਤੇਰਾ ਸਿਮਰਨ ਕਰਦਿਆਂ ਮੈਂ ਤੇਰੇ ਵਿਚ ਹੀ ਲੀਨ ਹੋ ਗਿਆ ਹਾਂ, ਮੇਰੇ ਅੰਦਰ 'ਮੈਂ ਮੈਂ' ਦਾ ਖਿਆਲ ਰਹਿ ਹੀ ਨਹੀਂ ਗਿਆ। ਸਿਮਰਨ ਕਰਦਿਆਂ ਮੇਰੇ

ਅੰਦਰੋਂ ਆਪਣੇ ਪਰਾਏ ਵਾਲਾ ਵਿਤਕਰਾ ਮਿਟ ਗਿਆ ਹੈ। ਮੈਂ ਜਿਧਰ ਵੇਖਦਾ ਹਾਂ, ਮੈਨੂੰ ਹਰ ਥਾਂ ਤੂੰ ਹੀ ਤੂੰ ਦਿੱਸ ਰਿਹਾ ਹੈਂ:

**"ਕਬੀਰ ਤੂੰ ਤੂੰ ਕਰਤਾ ਤੂ ਹੂਆ, ਮੁਝ ਮਹਿ ਰਹਾ ਨ ਹੂੰ॥ ਜਬ ਆਪਾ ਪਰ ਕਾ ਮਿਟਿ ਗਇਆ, ਜਤ ਦੇਖਉ ਤਤ ਤੂ॥** (ਅੰਕ 1375)

ਸਾਧ ਸੰਗਤ ਦੀ ਬਰਕਤ ਨਾਲ ਹਰੇਕ ਪ੍ਰਾਣੀ ਨੂੰ ਮੈਂ ਆਪਣਾ ਮਿੱਤਰ ਕਰਕੇ ਸਮਝਦਾ ਹਾਂ, ਮੈਂ ਭੀ ਸਭਨਾਂ ਦਾ ਮਿੱਤਰ-ਸੱਜਣ ਹੀ ਬਣਿਆ ਰਹਿੰਦਾ ਹਾਂ। ਮੇਰੇ ਮਨ ਦਾ ਪਰਮਾਤਮਾ ਨਾਲੋਂ ਬਣਿਆ ਵਿਛੋੜਾ ਕਿਤੇ ਦੂਰ ਚਲਾ ਗਿਆ ਹੈ। ਜਦੋਂ ਮੈਂ ਸਾਧ ਸੰਗਤ ਦੀ ਸ਼ਰਨ ਲਈ ਤਦੋਂ ਮੇਰੇ ਪ੍ਰਭੂ-ਪਾਤਸ਼ਾਹ ਨੇ ਮੈਨੂੰ ਆਪਣੇ ਚਰਨਾਂ ਦਾ ਮਿਲਾਪ ਦੇ ਦਿੱਤਾ।

**"ਸਭ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ॥ ਦੂਰਿ ਪਰਾਇਓ ਮਨ ਕਾ ਬਿਰਹਾ, ਤਾ ਮੇਲੁ ਕੀਓ ਮੇਰੈ ਰਾਜਨ॥"** (ਅੰਕ 671)

## ਸਿਮਰਨ ਕਰਨ ਵਾਲੇ ਦੇ ਅੰਦਰ ਹਮਦਰਦੀ ਹੁੰਦੀ ਹੈ

ਸਿਮਰਨ ਕਰਨ ਵਾਲੇ ਬੰਦਿਆਂ ਦਾ ਦਿਲ ਅੱਤ ਨਰਮ ਹੋ ਜਾਂਦਾ ਹੈ, ਗਰੀਬਾਂ ਦੁਖੀਆਂ ਦਾ ਦਰਦ ਵੇਖ ਕੇ ਦਿਲ ਤੜਪ ਉਠਦਾ ਹੈ। ਧਨੀ ਜਾਬਰਾਂ ਤੇ ਜਾਤਿ-ਅਭਿਮਾਨੀਆਂ ਦੇ ਪੈਰਾਂ ਹੇਠ ਲਤਾੜੀਂਦੇ ਗ਼ਰੀਬਾਂ ਨੂੰ ਸਤਿਗੁਰੂ ਜੀ ਸਦਾ ਇਹੀ ਹੌਂਸਲਾ ਦਿੰਦੇ ਰਹੇ ਕਿ ਸ਼ਕਤੀ-ਤਾਕਤ ਦੇ ਸੋਮੇ ਪਰਮਾਤਮਾ ਦਾ ਸਿਮਰਨ ਕਰੋ। ਜਿਉਂ ਜਿਉਂ ਤੁਹਾਡੇ ਅੰਦਰ ਵੱਸਦਾ ਉਹ ਤੁਹਾਨੂੰ ਦਿੱਸੇਗਾ, ਤਿਉਂ ਤਿਉਂ ਤੁਹਾਡੇ ਅੰਦਰ ਨਿਡਰਤਾ ਤੇ ਬਲ ਪੈਦਾ ਹੋਵੇਗਾ, ਤੁਹਾਨੂੰ ਯਕੀਨ ਬਣੇਗਾ ਕਿ ਤੁਹਾਡਾ ਰਾਖਾ ਆਪ ਕਰਤਾਰ ਹੈ, ਜੋ ਧੱਕਾ ਕਰਨ ਵਾਲਿਆਂ ਨੂੰ ਸੋਧਦਾ ਹੈ। ਗੁਰੁ ਅਰਜਨ ਦੇਵ ਜੀ ਨੇ ਫ਼ੁਰਮਾਇਆ:

**"ਗਰੀਬਾਂ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥1॥ ਪੂਰਾ ਨਿਆਉ ਕਰੇ ਕਰਤਾਰੁ॥ ਅਪੁਨੇ ਦਾਸੁ ਕਉ ਰਾਖਨਹਾਰੁ॥1॥ ਰਹਾਉ॥"** (ਅੰਕ 199)

ਹੇ ਪ੍ਰਭੂ ! ਜੋ ਕੁਝ ਤੂੰ ਹੁਕਮ ਕਰਦਾ ਹੈਂ, ਉਹੀ ਜੀਵ ਕਰਦੇ ਹਨ, ਜੋ ਕੁੱਝ ਤੂੰ ਦੇਂਦਾ ਹੈਂ, ਉਹੀ ਜੀਵ ਹਾਸਲ ਕਰਦੇ ਹਨ। ਗਰੀਬਾਂ ਤੇ ਅਨਾਥ ਜੀਵਾਂ ਨੂੰ ਤੇਰਾ ਹੀ ਆਸਰਾ ਹੈ। ਹੇ ਮੇਰੇ ਪਿਆਰੇ ਪ੍ਰਭੂ! ਜਗਤ ਵਿਚ ਸਭ ਕੁੱਝ ਤੂੰ ਹੀ ਕਰ ਰਿਹਾ ਹੈਂ, ਤੂੰ ਹੀ ਕਰ ਰਿਹਾ ਹੈਂ। ਮੈਂ ਤੇਰੀ ਸਮਰੱਥਾ ਤੋਂ ਸਦਕੇ ਜਾਂਦਾ ਹਾਂ:

**"ਕਹਿਆ ਕਰਣਾ, ਦਿਤਾ ਲੈਣਾ॥ ਗਰੀਬਾ ਅਨਾਥਾ ਤੇਰਾ ਮਾਣਾ॥ ਸਭ ਕਿਛੁ ਤੂੰ ਹੈਂ ਤੂੰ ਹੈਂ ਮੇਰੇ ਪਿਆਰੇ, ਤੇਰੀ ਕੁਦਰਤਿ ਕਉ ਬਲਿ ਜਾਈ ਜੀਉ॥"** (ਅੰਕ 98)

ਸ੍ਰੀ ਕ੍ਰਿਸ਼ਨ ਜੀ ਦਾ ਹਸਤਨਾਪੁਰ ਵਿਚ ਆਉਣਾ ਸੁਣ ਕੇ ਕੈਰਵਾਂ ਨੇ ਸੁਆਗਤ ਲਈ ਬੜੀਆਂ ਸ਼ਾਹੀ ਸਜਾਵਟਾਂ ਕਰਾਈਆਂ। ਪਰ ਸ੍ਰੀ ਕ੍ਰਿਸ਼ਨ ਜੀ ਨੇ ਅਹੰਕਾਰੀਆਂ ਦੇ ਮਹੱਲਾਂ ਵਲ ਝਾਤੀ ਭੀ ਨਾ ਮਾਰੀ, ਤੇ ਉਹ ਸਿੱਧੇ ਗ਼ਰੀਬ ਬਿਦਰ ਦੇ ਘਰ ਚਲੇ ਗਏ। ਜਦੋਂ ਕੈਰਵਾਂ ਨੇ ਗਿਲਾ ਕੀਤਾ ਤਾਂ ਕ੍ਰਿਸ਼ਨ ਜੀ ਦਾ ਉਸ ਸਮੇਂ ਕੈਰਵਾਂ ਨੂੰ ਦਿਤਾ ਉੱਤਰ ਕਬੀਰ ਜੀ ਨੇ ਸੋਹਣੇ ਸ਼ਬਦਾਂ ਵਿਚ ਇਉਂ ਕੀਤਾ:

**"ਰਾਜਨ, ਕਉਨੁ ਤਮਾਰੇ ਆਵੈ॥ ਐਸੋ ਭਾਉ ਬਿਦਰ ਕੋ ਦੇਖਿਓ, ਓਹੁ ਗਰੀਬੁ ਮੋਹਿ ਭਾਵੈ॥1॥ ਰਹਾਉ॥"** (ਅੰਕ 1105)

**(ਸਿਮਰਨ ਤੋਂ ਪ੍ਰਾਪਤੀਆਂ ਭਾਗ 3 ਅਗਲੇ ਅੰਕ ਵਿਚ ਪੜਨ ਦੀ ਕ੍ਰਿਪਾ ਕਰੋ ਜੀ)**

# ਅਸੀਂ ਕਿਉ ਕਹਿੰਦੇ ਹਾਂ,

# "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ": ਭਾਗ 1

ਡਾ: ਸਰਬਜੀਤ ਸਿੰਘ (ਮੁੰਬਈ, ਭਾਰਤ)

ਜਦੋਂ ਵੀ ਇਕ ਸਿੱਖ ਦੂਸਰੇ ਸਿੱਖ ਨੂੰ ਮਿਲਦਾ ਹੈ ਤਾਂ ਉਹ "**ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ**" ਬੁਲਾਉਂਦਾ ਹੈ। ਇਹ ਹੁਕਮ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਦਿਤਾ। ਉਨ੍ਹਾਂ ਨੇ ਤਾਂ ਕਿਹਾ ਹੈ ਕਿ, ਜਿਹੜਾ ਪਹਿਲਾਂ ਫ਼ਤਹਿ ਬੁਲਾਵੇਗਾ, ਮੇਰਾ ਉਸ ਦੇ ਵੱਲ ਮੁਖ ਹੋਵੇਗਾ। ਜਿਹੜਾ ਬਾਅਦ ਵਿਚ ਫ਼ਤਹਿ ਬੁਲਾਵੇਗਾ, ਮੇਰੀ ਉਸ ਦੇ ਵੱਲ ਪਿਠ ਹੋਵੇਗੀ। ਜੇ ਕਰ ਦੋਵੇ ਇਕੱਠੇ ਫ਼ਤਹਿ ਬੁਲਾਉਣਗੇ ਤਾਂ ਮੈਂ ਉਨ੍ਹਾਂ ਦੋਹਾਂ ਦੇ ਵਿਚਕਾਰ ਹੋਵੇਗਾ। ਇਸ ਲਈ ਸਾਂਝੀਵਾਲਤਾ ਕਾਇਮ ਕਰਨ ਲਈ ਸਾਨੂੰ ਇਕੱਠੇ ਫ਼ਤਹਿ ਬੁਲਾਉਣੀ ਚਾਹੀਦੀ ਹੈ।

ਬਹੁਤ ਸਾਰੀਆਂ ਰਿਵਾਇਤਾਂ, ਭਾਵੇਂ ਸਾਡੇ ਕੋਲ ਲਿਖਤੀ ਤੌਰ ਤੇ ਮੌਜੂਦ ਨਹੀਂ। ਪਰੰਤੂ ਇਨ੍ਹਾ ਬਾਰੇ ਗੁਰਬਾਣੀ ਦੇ ਆਧਾਰ ਤੇ ਖੋਜ਼, ਪੜਤਾਲ ਕਰ ਸਕਦੇ ਹਾਂ। ਇਸ ਗੱਲ ਦਾ ਖਾਸ ਧਿਆਨ ਰੱਖਣਾਂ ਚਾਹੀਦਾ ਹੈ ਕਿ ਅਸੀਂ ਨਾ ਤਾਂ ਗੁਰਬਾਣੀ ਅਤੇ ਨਾ ਹੀ ਸਿੱਖ ਧਰਮ ਦੀਆਂ ਗੁਰੂ ਸਾਹਿਬਾਂ ਵਲੋਂ ਆਰੰਭ ਕੀਤੀਆਂ ਰਿਵਾਇਤਾਂ ਵਿਚ ਕੋਈ ਤਬਦੀਲੀ ਕਰ ਸਕਦੇ ਹਾਂ। ਗੁਰੂ ਗਰੰਥ ਸਾਹਿਬ ਦੀ ਤਰਤੀਬ ਅਤੇ ਲਿਖਤ, ਗੁਰੂ ਸਾਹਿਬਾਂ ਨੇ ਇਸ ਤਰ੍ਹਾਂ ਕਲਮ ਬੰਦ ਕੀਤੀ ਹੈ, ਕਿ ਅਸੀਂ ਉਸ ਵਿਚ ਕੋਈ ਤਬਦੀਲੀ ਨਹੀਂ ਕਰ ਸਕਦੇ ਹਾਂ। ਸਿੱਖ ਧਰਮ ਦੀਆਂ ਕੁਝ ਰਿਵਾਇਤਾਂ ਅਤੇ ਇਤਿਹਾਸ ਸਬੰਧੀ ਲਿਖਤੀ ਸਬੂਤ ਪ੍ਰਾਪਤ ਨਹੀਂ ਹਨ। ਇਸ ਲਈ ਕੁਝ ਸੱਜਣ ਤਰ੍ਹਾਂ ਤਰ੍ਹਾਂ ਦੀਆਂ ਤਰਮੀਮਾਂ ਦੱਸਦੇ ਰਹਿੰਦੇ ਹਨ। ਜਾਂ ਕਈ ਆਪਣੀਆਂ ਨਵੀਆਂ ਰਿਵਾਇਤਾ ਆਰੰਭ ਕਰ ਦੇਂਦੇ ਹਨ। ਇਨ੍ਹਾਂ ਮਤਭੇਦਾਂ ਦਾ ਇਕ ਕਾਰਨ ਇਹ ਵੀ ਹੈ, ਕਿ ਅਸੀਂ ਗੁਰਬਾਣੀ ਦੀ ਡੂੰਘਿਆਈ ਵਿਚ ਨਹੀਂ ਜਾਂਦੇ ਹਾਂ।

ਗੁਰੂ ਗਰੰਥ ਸਾਹਿਬ ਵਿਚ ਉਸ ਸਮੇਂ ਦੀਆਂ ਚਲ ਰਹੀਆਂ ਭਾਸ਼ਾਵਾਂ ਅਤੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਤਾਂ ਜੋ ਆਮ ਜਨਤਾ ਅਸਾਨੀਂ ਨਾਲ ਸਮਝ ਸਕੇ। ਕੁਝ ਗਿਣਤੀ ਦੇ ਹੀ ਨਵੇਂ ਸਬਦ ਹਨ। ਜਿਸ ਤਰ੍ਹਾਂ ਕਿ, ਅੰਮ੍ਰਿਤ ਵੇਲਾ, ਅਕਾਲ ਪੁਰਖੁ, ਵਾਹਿਗੁਰੂ, ਜੀਵਨ ਮੁਕਤਿ, ਅਨੰਦੁ ਆਦਿ। ਪਰੰਤੂ ਹਰੇਕ ਸਬਦ ਦੀ ਪ੍ਰੀਭਾਸ਼ਾ ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਦੇ ਦਿਤੀ ਹੈ। ਉਦਾਹਰਣ ਦੇ ਤੌਰ ਤੇ:

**ਨਾਮੁ**: ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥ {ਪੰਨਾ ੪}

**ਸਤਸੰਗਤਿ:** ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ {ਪੰਨਾ ੭੨}

**ਸੰਤੁ:** ਸਲੋਕ ਮ: ੫॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ {ਪੰਨਾ ੩੧੯}

**ਤੀਰਥੁ:** ਤੀਰਥਿ ਨਾਵਣ ਜਾਉ ਤੀਰਥੁ ਨਾਮ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ {ਪੰਨਾ ੬੮੭}

**ਗਿਆਨੀ:** ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ {ਪੰਨਾ ੧੪੨੭}

ਗੁਰਬਾਣੀ ਦੇ ਅਧੂਰੇ ਗਿਆਨ ਕਰਕੇ, ਅਸੀਂ ਗੁਰੂ ਗਰੰਥ ਸਾਹਿਬ ਵਿਚ ਦਿਤੀ ਗਈ

ਪ੍ਰੀਭਾਸ਼ਾ ਦੀ ਬਜਾਏ, ਹੋਰ ਧਰਮਾਂ ਜਾਂ ਮੁਜ਼ਬਾਂ ਦੀ ਪ੍ਰੀਭਾਸ਼ਾ ਵਰਤਦੇ ਹਾਂ। ਜਿਸ ਕਰਕੇ ਅਸੀਂ ਅਕਸਰ ਭੁਲੇਖੇ ਵਿਚ ਪੈ ਜਾਂਦੇ ਹਾਂ।

ਇਸ ਲਈ ਜਿਨ੍ਹੀ ਦੇਰ ਤੱਕ ਅਸੀਂ ਗੁਰਬਾਣੀ ਦੇ ਆਧਾਰ ਤੇ ਪੂਰੀ ਤਰ੍ਹਾਂ ਖੋਜ਼ ਅਤੇ ਜਾਚ ਪੜਤਾਲ ਨਹੀਂ ਕਰ ਲੈਂਦੇ ਹਾਂ, ਸਾਨੂੰ ਕਿਸੇ ਤਰ੍ਹਾਂ ਵੀ ਸਿੱਖ ਧਰਮ ਦੀਆਂ ਮੁਢਲੀਆਂ ਰਿਵਾਇਤਾਂ ਵਿਚ ਕੋਈ ਤਬਦੀਲੀ ਨਹੀਂ ਕਰਨੀ ਚਾਹੀਦੀ ਹੈ। ਜੇ ਕਰ ਕਿਸੇ ਕਾਰਨ ਅਸੀਂ ਕੋਈ ਫੈਸਲਾ ਨਹੀਂ ਕਰ ਸਕਦੇ ਹਾਂ, ਤਾਂ ਉਸ ਨੂੰ ਭਵਿੱਖ ਦੀ ਖੋਜ਼ ਲਈ ਛੱਡ ਦੇਣਾਂ ਚਾਹੀਦਾ ਹੈ।

ਅਜੇ ਵੀ ਸਟੇਜ਼ ਤੇ ਸੰਗਤ ਨੂੰ ਸੰਬੋਧਨ ਕਰਨ ਤੋਂ ਪਹਿਲਾਂ **"ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ"** ਹੀ ਕਹੀ ਜਾਂਦੀ ਹੈ। ਪਰ ਆਪਸੀ ਮਿਲਾਪ ਵੇਲੇ ਅਸੀਂ ਇਹ ਕਹਿਣ ਦੀ ਰਵਾਇਤ ਨੂੰ ਤਾਂ ਭੁਲ ਹੀ ਚੁਕੇ ਹਾਂ।

ਆਪਸ ਵਿਚ ਮਿਲਣ ਸਮੇਂ, ਬਹੁਤ ਸਾਰਿਆਂ ਨੇ ਤਾਂ, **"ਸਤਿ ਸ੍ਰੀ ਆਕਾਲ"** ਕਹਿਣ ਦੀ ਰਵਾਇਤ ਹੀ ਬਣਾ ਲਈ ਹੈ। **"ਬੋਲੇ ਸੋ ਨਿਹਾਲ, ਸਤਿ ਸ੍ਰੀ ਆਕਾਲ"** ਜੈਕਾਰੇ ਦੇ ਤੌਰ ਤੇ ਵਰਤਿਆ ਜਾਂਦਾ ਹੈ। "ਸਤਿ ਸ੍ਰੀ ਆਕਾਲ" ਇਸ ਸਬਦ ਦੀ ਅੰਤਲੀ ਤੁਕ ਹੈ। ਜਦੋਂ ਸੰਗਤ ਵਿਚ ਕੋਈ ਚੜ੍ਹਦੀ ਕਲ੍ਹਾ ਦੀ ਕੋਈ ਗੱਲ ਹੋਵੇ, ਕੋਈ ਜਿੱਤ ਦੀ ਗੱਲ ਹੋਵੇ, ਕੋਈ ਪ੍ਰੋਗਰਾਮ ਪੂਰੀ ਤਰ੍ਹਾਂ ਸਿਰੇ ਚੜ੍ਹੇ, ਤਾਂ ਇਹ ਜੈਕਾਰਾ ਛੱਡਿਆ ਜਾਂਦਾ ਹੈ। ਇਕ ਜਾਣਾ **"ਬੋਲੇ ਸੋ ਨਿਹਾਲ"** ਕਹਿੰਦਾਂ ਹੈ ਅਤੇ ਬਾਕੀ ਸਾਰੇ ਉਸ ਦੇ ਪਿਛੇ **"ਸਤਿ ਸ੍ਰੀ ਆਕਾਲ"** ਕਹਿੰਦੇ ਹਨ।

ਅੱਜਕਲ ਕਈ ਵਾਰੀ ਇਸ ਦੀ ਵੀ ਠੀਕ ਵਰਤੋਂ ਨਹੀਂ ਹੁੰਦੀ ਹੈ। ਵੇਖਣ ਵਿਚ ਆਇਆ ਹੈ ਕਿ ਕਈ ਵਾਰੀ ਪ੍ਰਚਾਰਕ ਢਹਿੰਦੀ ਕਲ੍ਹਾਂ ਦੀ ਗੱਲ ਦੱਸ ਰਿਹਾ ਹੁੰਦਾਂ ਹੈ, ਤਾਂ ਕੋਈ ਸੱਜਣ ਇਹ ਜੈਕਾਰਾ ਛੱਡ ਦੇਂਦਾ ਹੈ। ਉਸ ਨੂੰ ਇਹ ਵੀ ਧਿਆਨ ਨਹੀਂ ਹੁੰਦਾਂ ਹੈ, ਕਿ ਢਹਿੰਦੀ ਕਲ੍ਹਾਂ ਕੋਈ ਖੁਸ਼ੀ ਦੀ ਨਿਸ਼ਾਨੀ ਨਹੀਂ ਹੁੰਦੀ ਹੈ। ਲੋਕ ਇਸ ਤਰ੍ਹਾਂ ਕਿਉਂ ਕਰਦੇ ਹਨ, ਇਹ ਉਹੀ ਜਾਣਦੇ ਹਨ। ਕੀ ਇਹ ਲੋਕ ਆਪਣੀ ਹਾਜ਼ਰੀ ਦਿਖਾਉਣ ਲਈ ਵੀ ਕਰਦੇ ਹਨ? ਇਸ ਲਈ ਪਹਿਲਾਂ ਸੁਚੇਤ ਹੋ ਕੇ ਸੁਣਨਾਂ ਚਾਹੀਦਾ ਹੈ ਅਤੇ ਫਿਰ ਅਗਵਾਈ ਕਰਨੀ ਚਾਹੀਦੀ ਹੈ।

ਸਾਡਾ ਦੇਸ ਲਗਭਗ ੨੦੦ ਸਾਲ ਅੰਗਰੇਜ਼ਾ ਦਾ ਗੁਲਾਮ ਰਿਹਾ ਹੈ, ਇਸ ਲਈ ਕਈ ਲੋਕਾਂ ਅੰਦਰ ਹੱਥ ਮਿਲਾਉਣ {Shake Hand} ਕਰਨ ਦਾ ਰਿਵਾਜ਼ ਘਰ ਕਰ ਗਿਆ ਹੈ। ਹੱਥ ਮਿਲਾਉਣ ਵਾਲੇ ਦੇ ਮਨ ਵਿਚ ਹਮੇਸ਼ਾਂ ਆਂਉਂਦਾ ਹੈ ਕਿ ਮੈਂ ਬਰਾਬਰ ਹਾਂ ਤੇ ਕਿਸੇ ਤਰ੍ਹਾਂ ਘਟ ਨਹੀਂ। ਇਹ ਹੰਕਾਰ ਦੀ ਨਿਸ਼ਾਨੀ ਹੈ।

ਕੀ ਕੋਈ ਅਫਸਰ ਨਾਲ ਹੱਥ ਮਿਲਾਉਦਾ ਹੈ? ਅਫਸਰ ਨੂੰ ਲੋਕ ਸਿਰਫ ਸਲਾਮ ਕਰਦੇ ਹਨ, ਤੇ ਅਫਸਰ ਬਾਅਦ ਵਿੱਚ ਉੱਤਰ ਦੇਂਦਾ ਹੈ। ਇਸ ਨਾਲ ਆਪਸੀ ਵਿਤਕਰਾ ਤੇ ਹੰਕਾਰ ਵੀ ਪੈਦਾ ਹੁੰਦਾ ਹੈ।

ਗੁਰੂ ਸਾਹਿਬ ਦੀ ਬਖਸ਼ੀ ਫ਼ਤਹ ਬੁਲਾਉਣ ਵਾਲਾ ਹਮੇਸ਼ਾਂ ਹੱਥ ਜੋੜ ਕੇ ਤੇ ਨਿਮਾਣਾਂ ਹੋ ਕੇ ਝੁਕਦਾ ਹੈ। ਜਿਸ ਕਰਕੇ ਉਸ ਸਿੱਖ ਦੇ ਅੰਦਰੋਂ ਉਚ ਨੀਚ ਦਾ ਭੇਦ ਭਾਵ ਤੇ ਹੰਕਾਰ ਆਪਣੇ ਆਪ ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ।

ਆਓ ਜਰਾ **"ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ"** ਦੀ ਗੁਰਬਾਣੀ ਦੇ ਆਧਾਰ ਤੇ ਮਹੱਤਤਾ ਸਾਂਝੀ ਕਰੀਏ।

ਇਸ ਸਬਦ ਦੇ ਅਰਥ ਹਨ, **ਕਿ "ਖ਼ਾਲਸਾ ਵੀ ਵਾਹਿ ਗੁਰੂ ਦੁਆਰਾ ਹੀ ਹੈ ਅਤੇ ਜੇ ਕਰ ਕੋਈ ਫ਼ਤਹਿ ਵੀ ਹੁੰਦੀ ਹੈ ਤਾਂ ਉਹ ਵੀ ਵਾਹਿ ਗੁਰੂ ਦੁਆਰਾ ਹੀ ਹੁੰਦੀ ਹੈ।"** ਆਮ ਜਨਤਾ ਨੂੰ ਸਿੱਖ ਧਰਮ ਦੇ ਮੁਢਲੇ ਸਿਧਾਂਤ ਸਮਝਾਉਣ ਲਈ, ਇਹ ਬਹੁਤ ਸਧਾਰਨ ਅਤੇ ਸੌਖਾ ਤਰੀਕਾ ਹੈ।

**ਵਾਹਿਗੁਰੂ:** ਵਾਹਿ ਗੁਰੂ = ਗੁਰੂ ਦੁਆਰਾ ਵਾਹ ਵਾਹ = ਸਬਦ ਗੁਰੂ ਦੁਆਰਾ ਵਾਹ ਵਾਹ = ਗੁਰਬਾਣੀ ਦੁਆਰਾ ਅਕਾਲ ਪੁਰਖੁ ਦੀ ਉਸਤਤ = ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਨੇ।

**ਏਕੋ ਨਾਮੁ ਧਿਆਇ ਮਨ ਮੇਰੇ ॥ ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ ॥੧॥ ਰਹਾਉ॥ {ਪੰਨਾ 896}**

ਅੱਜਕਲ ਸਿੱਖ ਜਗਤ ਵਿਚ ਵਾਹਿਗੁਰੂ {ਵਾਹੇਗੁਰੂ} ਸਬਦ, ਅਕਾਲ ਪੁਰਖੁ {ਪ੍ਰਭੂ} {God} ਦੇ ਨਾਮ ਲਈ ਵਰਤਣਾ ਆਮ ਪਰਚਲਤ ਹੋ ਗਿਆ ਹੈ। ਵਾਹਿਗੁਰੂ ਸਬਦ ਦੀ ਵਰਤੋਂ ਨਾਮੁ ਜਪਣ ਸਬੰਧੀ ਭੁਲੇਖਾ ਪਾਉਂਣ ਲਈ ਵੀ ਆਮ ਹੁੰਦੀ ਜਾ ਰਹੀ ਹੈ। ਨਾਮੁ ਦਾ ਸਬਦ ਗੁਰੂ ਗਰੰਥ ਸਾਹਿਬ ਵਿਚ ੪000 ਤੋਂ ਵੱਧ ਵਾਰੀ ਵਰਤਿਆ ਗਿਆ ਹੈ ਤੇ ਵਾਹਿਗੁਰੂ ਸਬਦ ਗੁਰੂ ਗਰੰਥ ਸਾਹਿਬ ਵਿਚ ੧੪ ਵਾਰੀ ਆਇਆ ਹੈ। ਪਰੰਤੂ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਇਕ ਵਾਰੀ ਵੀ ਇਹ ਨਹੀਂ ਕਿਹਾ ਗਿਆ ਕਿ ਵਾਹਿਗੁਰੂ ਨਾਮੁ ਹੈ। ਇਹ ਸਾਡਾ ਆਪਣਾ ਕਾਨੂੰਨ ਬਣਾਇਆ ਜਾ ਰਿਹਾ ਹੈ।

ਅਕਾਲ ਪੁਰਖ ਸਬਦ ਗੁਰੂ ਗਰੰਥ ਸਾਹਿਬ ਵਿਚ ਦੋ ਵਾਰੀ ਆਇਆ ਹੈ।

**ਅਕਾਲ ਪੁਰਖ ਅਗਾਧਿ ਬੋਧ॥ਸੁਨਤ ਜਸੋ ਕੋਟਿ ਅਘ ਖਏ॥ {੨੧੨}**

**ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ॥ ਸਤ ਸੰਤੋਖਿ ਸਬਦਿ ਅਤਿ ਸੀਤਲੁ ਸਹਜ ਭਾਇ ਲਿਵ ਲਾਇਆ॥ {ਪੰਨਾ ੧੦੩੮}**

ਅਕਾਲ ਪੁਰਖੁ ਦੀ ਸੰਖੇਪ ਵਿਚ ਪ੍ਰੀਭਾਸ਼ਾ ਇਹ ਹੈ।

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ {ਪੰਨਾ ੧}**

ਅਕਾਲ ਪੁਰਖੁ ਬਾਰੇ ਵਿਸਥਾਰ ਜਪੁਜੀ ਸਾਹਿਬ ਵਿਚ ਦਿਤਾ ਗਿਆ ਹੈ। ਪੂਰਨ ਤੌਰ ਤੇ ਇਸ ਮਨੁੱਖਾ ਜੀਵਨ ਵਿਚ, ਅਕਾਲ ਪੁਰਖੁ ਨੂੰ ਕਿਸ ਤਰ੍ਹਾਂ ਪਾਉਣਾਂ ਹੈ, ਉਹ ਗੁਰੂ ਗਰੰਥ ਸਾਹਿਬ ਵਿਚ ਦਿਤਾ ਗਿਆ ਹੈ।

ਸਿੱਖ ਧਰਮ ਵਿਚ ਅਕਾਲ ਪੁਰਖੁ ਸਬਦ ਪ੍ਰਭੂ {God} ਦੇ ਨਾਂ ਲਈ ਵਰਤਿਆ ਗਿਆ ਹੈ। ਹੋਰਨਾਂ ਧਰਮਾਂ ਵਿਚ ਅੱਲ੍ਹਾ, ਗੌਡ, ਆਦਿ ਨਾਵ ਵਰਤੇ ਜਾਂਦੇ ਹਨ। ਗੁਰਬਾਣੀ ਵਿਚ ਅਕਾਲ ਪੁਰਖੁ ਨੂੰ ਅਨੇਕ ਨਾਂਵਾਂ ਨਾਲ ਸੰਬੋਧਨ ਕੀਤਾ ਗਿਆ ਹੈ।

ਪੁਰਾਤਨ ਨਾਂਵਾਂ ਦਾ ਸਬੰਧ ਕਿਸੇ ਮਨੁੱਖ, ਜਾਨਵਰ, ਵਸਤੂ ਜਾਂ ਕਰਮਾਂ ਦੇ ਆਧਾਰ ਤੇ ਹੁੰਦਾਂ ਰਿਹਾ ਹੈ। ਸਿੱਖ ਧਰਮ ਵਿਚ ਅਕਾਲ ਪੁਰਖੁ ਦਾ ਨਾਂ ਕਿਸੇ ਤਰ੍ਹਾਂ ਦੇ ਪਦਾਰਥ ਜਾਂ ਸਰੀਰ ਨਾਲ ਨਹੀਂ ਜੋੜਿਆ ਗਿਆ ਹੈ। ਵਾਹਿਗੁਰੂ ਸਬਦ ਦਾ ਸਬੰਧ ਕਿਸੇ ਵੀ ਨਾਂ ਨਾਲ ਨਹੀਂ ਹੈ, ਬਲਕਿ ਆਤਮਾ ਅਤੇ ਮਨ ਦੀ ਅਵਸਥਾ ਜਾ ਕਿਰਿਆ ਨਾਲ ਹੈ।

ਵਾਹਿਗੁਰੂ ਸਬਦ ਦਾ ਵਿਸ਼ਲੇਸ਼ਨ ਕਰਈਏ, ਤਾਂ ਇਹ ਇਸ ਤਰ੍ਹਾਂ ਹੈ। **{ਵਾਹਿਗੁਰੂ = ਵਾਹਿ + ਗੁਰੂ}**। ਜਦੋਂ ਮਨੁੱਖ ਦੇ ਹਿਰਦੇ ਵਿਚ ਨਾਮੁ ਵਸ ਜਾਂਦਾ ਹੈ, ਤਾਂ ਉਹ ਸਚ ਖੰਡਿ ਦੀ ਅਵਸਥਾ ਵੱਲ ਜਾਂਦਾ ਹੈ। ਇਸ ਲਈ ਜੀਵ ਦੇ ਹਿਰਦੇ ਵਿਚ ਖੁਸ਼ੀ ਅਤੇ ਧੰਨਵਾਦ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਅਸੀਂ ਅਕਸਰ ਖੁਸ਼ੀ ਅਤੇ ਧੰਨਵਾਦ ਦਾ ਪ੍ਰਗਟਾਵਾ ਵਾਹ ਵਾਹ ਕਰਕੇ ਕਰਦੇ ਹਾਂ। ਇਹ ਅਵਸਥਾ ਗੁਰੂ ਦੀ ਸਹਾਇਤਾ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਇਸ ਲਈ ਵਾਹ ਅਤੇ ਗੁਰੂ ਦੇ ਮੇਲ ਨਾਲ ਬਣਿਆ ਸਬਦ ਵਾਹਿਗੁਰੂ ਹੈ।

ਕਈਆਂ ਨੇ ਇਸ ਨੂੰ ਅਕਾਲ ਪੁਰਖੁ ਦੇ ਨਾਂ ਜਾਂ ਨਾਮੁ ਲਈ ਸਿੱਖ ਜਗਤ ਵਿਚ ਆਮ ਪਰਚੱਲਤ ਕਰ ਦਿਤਾ ਹੈ। ਸਿੱਖ ਧਰਮ

ਅਨੁਸਾਰ ਨਾ ਤਾਂ ਗੁਰੂ ਸਰੀਰ ਹੈ ਅਤੇ ਨਾ ਹੀ ਚੇਲਾ ਸਰੀਰ ਹੈ।

**ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ {ਪੰਨਾ ੯੪੩}**

**(ਲੇਖ ਦਾ ਭਾਗ 2 ਅਗਲੇ ਅੰਕ ਵਿਚ ਹੈ ਜੀ)**

# ਮਹਾਰਾਜਾ ਰਣਜੀਤ ਸਿੰਘ-ਧਰਮ ਨਿਰਪੇਖ ਤੇ ਪਰਜਾ ਪਾਲਕ ਮਹਾਰਾਜਾ

ਪ੍ਰੋ. ਮਨਿੰਦਰ ਸਿੰਘ (ਐਡਮਿੰਟਨ, ਕੈਨੇਡਾ)

ਮਹਾਰਾਜਾ ਰਣਜੀਤ ਸਿੰਘ ਦਾ ਜਨਮ 2 ਨਵੰਬਰ ਸੰਨ 1780 ਨੂੰ ਸਰਦਾਰ ਮਹਾਂ ਸਿੰਘ ਸੁਕਰਚੱਕੀਆ ਮਿਸਲ ਦੇ ਸਰਦਾਰ ਦੇ ਘਰ ਰਾਣੀ ਰਾਜ ਕੌਰ ਦੀ ਕੁੱਖੋਂ ਹੋਇਆ ਜੋ ਜੀਂਦ ਦੇ ਰਾਜਾ ਗੱਜ ਸਿੰਘ ਦੀ ਸਪੁੱਤਰੀ ਸੀ। ਇਹ ਪੰਜਾਬ ਵਿਚ ਸਿਖ ਸਰਦਾਰਾਂ ਤੇ ਮਿਸਲਦਾਰਾਂ ਦੇ ਆਪਸੀ ਸੰਘਰਸ਼ ਤੇ ਸਥਾਪਤ ਹੋਣ ਦਾ ਸਮਾਂ ਸੀ। ਬਾਰਾਂ ਮਿਸਲਾਂ ਵਿਚ ਵੰਡੇ ਹੋਏ ਸਰਦਾਰ ਵੱਧ ਤੋਂ ਵੱਧ ਇਲਾਕੇ ਆਪਣੇ ਅਧਿਕਾਰ ਵਿਚ ਕਰਨ ਦੇ ਜੋਸ਼ ਵਿਚ ਅਪਸੀ ਲੜਾਈਆਂ ਵਿਚ ਉਲਝੇ ਹੋਏ ਸਨ। ਰਣਜੀਤ ਸਿੰਘ ਦੇ ਵੱਡੇ ਵਡੇਰੇ ਸੁਕਰਚੱਕੀਆ ਮਿਸਲ ਨਾਲ ਸੰਬੰਧਤ ਸਨ ਜਿਨ੍ਹਾ ਨੇ ਆਪਣੀ ਬਹਾਦਰੀ ਅਤੇ ਪਬੰਧਕੀ ਸਿਆਣਪ ਨਾਲ ਪੰਜਾਬ ਦੇ ਵੱਡੇ ਇਲਾਕੇ ਤੇ ਅਧਿਕਾਰ ਜਮਾ ਲਿਆ ਸੀ।

ਬਚਪਨ ਵਿਚ ਰਣਜੀਤ ਸਿੰਘ ਨੇ ਕੇਵਲ ਧਾਰਮਿਕ ਸਿੱਖਿਆ ਪਿੰਡ ਦੇ ਗ੍ਰੰਥੀ ਪਾਸੋਂ ਪ੍ਰਪਤ ਕੀਤੀ। ਸ਼ੁਰੂ ਤੋਂ ਹੀ ਉਸਦਾ ਧਿਆਂਨ ਪੜ੍ਹਾਈ ਨਾਲੋਂ ਸਰੀਰਕ ਸਰਗਰਮੀਆਂ ਵੱਧ ਵਧੇਰੇ ਸੀ। ਉਹ ਘੋੜਸਵਾਰੀ, ਤਲਵਾਰ ਬਾਜ਼ੀ, ਤੀਰੰਦਾਜ਼ੀ ਅਤੇ ਹੋਰ ਜੰਗੀ ਕਰਤਬ ਸਿੱਖਣ ਵਿਚ ਵਧੇਰੇ ਰੁਚੀ ਰਖਦਾ ਸੀ। ਨਤੀਜੇ ਵੱਜੋਂ ਚੜ੍ਹਦੀ ਜਵਾਨੀ ਵਿਚ ਹੀ ਰਣਜੀਤ ਸਿੰਘ ਇਕ ਸਿਰਕੱਢ ਸਿਪਾਹੀ ਬਣ ਗਿਆ ਸੀ।

ਆਪਣੇ ਪਿਤਾ ਸਰਦਾਰ ਮਹਾਂ ਸਿੰਘ ਦੇ ਚੜ੍ਹਾਈ ਕਰ ਜਾਣ ਤੇ ਰਣਜੀਤ ਸਿੰਘ ਨੂੰ ਬਾਰਾਂ ਸਾਲ ਦੀ ਉਮਰ ਵਿਚ ਹੀ ਮਿਸਲ ਦੀ ਸਰਦਾਰੀ ਸੰਭਾਲਣੀ ਪਈ। ਰਣਜੀਤ ਸਿੰਘ ਦੀ ਚੜ੍ਹਤ ਵੇਖਕੇ ਘਨੱਈਆ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਦੇ ਲੜਾਈ ਵਿਚ ਸ਼ਹੀਦ ਹੋ ਜਾਣ ਤੇ ਉਸਦੀ ਦਲੇਰ ਤੇ ਸਿਆਣੀ ਸੁਪੱਤਨੀ ਸਦਾ ਕੌਰ ਨੇ ਆਪਣੀ ਬੇਟੀ ਮਹਿਤਾਬ ਕੌਰ ਦੀ ਸ਼ਾਦੀ ਰਣਜੀਤ ਸਿੰਘ ਨਾਲ ਕਰ ਦਿੱਤੀ। ਇਸ ਨਾਲ ਰਣਜੀਤ ਸਿੰਘ ਨੂੰ ਘਨਈਆ ਮਿਸਲ ਦਾ ਸਹਿਯੋਗ ਤੇ ਸਦਾ ਕੌਰ ਦੀ ਸਿਆਣੀ ਰਹਿਬਰੀ ਦਾ ਲਾਭ ਮਿਲ ਗਿਆ।

ਸਿੱਖੀ ਵਿਰਸੇ ਨਾਲ ਵਰੋਸਾਈ ਰਣਜੀਤ ਸਿੰਘ ਦੀ ਸ਼ਖਸੀਅਤ ਨਾਲ ਉਸਦੇ ਰਾਜਨੈਤਿਕ ਜੀਵਨ ਦਾ ਵਿਕਾਸ ਹੋਇਆ ਜਿਸ ਦੇ ਬਾਰੇ ਇਕ ਸਮਕਾਲੀ ਬ੍ਰਿਟਿਸ਼ ਨੀਤੀਵਾਨ ਲੈਪਲ ਗ੍ਰਿਫਿਮਪਨ ਲਿਖਦਾ ਹੈ, “Ranjit Singh was so completely product of Sikh theocracy and so embodied the spirit of the Khalsa that no account of his character and career will be complete without a description of the religious system of the Sikhs.

ਸੰਨ 1801 ਵਿਚ ਪੰਜਾਬ ਦੀ ਰਾਜਧਾਨੀ ਲਾਹੌਰ ਦੀ ਜਿੱਤ ਨਾਲ ਰਣਜੀਤ ਸਿੰਘ ਦਾ ਪੰਜਾਬ ਦਾ ਰਾਜ ਸੰਭਾਲਣ ਦਾ ਸਫ਼ਰ ਆਰੰਭ ਹੋਇਆ। ਮਹਾਰਾਜ ਰਣਜੀਤ ਸਿੰਘ ਦੀ ਤਾਜਪੋਸ਼ੀ ਦੀ ਰਸਮ ਸਮੇ ਦੇ ਉੱਘੇ ਸਿੱਖ ਸੰਤ ਬਾਬਾ ਸਾਹਿਬ ਸਿੰਘ ਬੇਦੀ ਨੇ ਨਿਭਾਈ। ਉਹ ਮਹਾਰਾਜਾ ਅਖਵਾਉਣ ਦੀ ਥਾਂ ਆਪਣੇ ਆਪ ਨੂੰ ਸਿੰਘ ਸਾਹਿਬ ਤੇ ਸਰਕਾਰ ਅਖਵਾਕੇ ਖੁਸ਼ ਸੀ। ਉਸਨੇ ਆਪਣੇ ਰਾਜ ਨੂੰ ਸਰਕਾਰ-ਏ- ਖਾਲਸਾ ਦਾ ਨਾਮ ਦਿੱਤਾ। ਸਰਕਾਰੀ ਮੋਹਰ ਤੇ ਅਕਾਲ ਪੁਰਖ ਜੀ ਸਹਾਇ ਤੇ ਗੁਰੂ ਮਹਾਰਾਜ ਦੇ ਨਾਮ ਤੇ ਨਾਨਕਸ਼ਹੀ ਸਿੱਕਾ ਜਾਰੀ ਕੀਤਾ ਜਿਸ ਉਤੇ ਇਹ ਅੱਖਰ ਉਕਰਵਾਏ:

“ਦੇਗੋ ਤੇਗੋ ਫ਼ਤਹਿ ਬੇਦਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।”

ਯੋਗ ਤੇ ਸਿਆਣੇ ਬੰਦਿਆਂ ਨੂੰ ਪਛਾਣ ਕੇ ਉਨ੍ਹਾ ਦੀ ਯੋਗਤਾ ਅਨੁਸਾਰ ਕੰਮ ਲੈਣ ਦੀ ਸਿਆਣਪ ਤੇ ਜੁਗਤ ਪ੍ਰਮੇਸ਼ਵਰ ਵੱਲੋਂ ਉਸਨੂੰ

ਬਖਸ਼ੀ ਗਈ ਸੀ। ਆਹਲੂਵਾਲੀਆ ਮਿਸਲ ਦੇ ਸਿਰਕੱਢ ਮੁਖੀ ਸਰਦਾਰ ਫ਼ਤਿਹ ਸਿੰਘ ਅਹਲੂਵਾਲੀਆ ਨੂੰ ਪੱਗ-ਵੱਟ ਭਰਾ ਬਣਾ ਲੈਣਾ, ਕਜਾਹ (ਗੁਜਰਾਤ) ਦੇ ਬਜ਼ਾਰ ਚੋਂ ਲੰਘਦਿਆਂ ਦੁਕਾਨ ਤੇ ਬੈਠੇ ਦੀਵਾਨ ਮੋਹਕਮ ਚੰਦ ਨੂੰ ਫ਼ੌਜ ਦਾ ਸਿਪਾਹ-ਸਾਲਾਰ ਨਿਯੁਕਤ ਕਰਨਾ, ਫ਼ਕੀਰ ਅਜ਼ੀਜ਼ੁਦੀਨ ਤੇ ਉਸਦੇ ਭਰਾਂਵਾਂ ਨੂੰ ਉਨ੍ਹਾ ਦੀ ਯੋਗਤਾ ਅਨੁਸਾਰ ਪਦਵੀਆਂ ਸੌਂਪਣਾ ਸਿੱਖ ਰਾਜ ਲਈ ਜਾਨਾ ਵਾਰਨ ਵਾਲੇ ਸੂਰਬੀਰ ਨਿਹਾਲ ਸਿੰਘ ਅਟਾਰੀ, ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਸ਼ਾਮ ਸਿੰਘ ਅਟਾਰੀ ਵਰਗੇ ਜਰਨੈਲਾਂ ਨੂੰ ਧਰਮ, ਜ਼ਾਤ-ਪਾਤ, ਇਲਾਕਾ ਅਤੇ ਬੋਲੀ ਆਦਿਕ ਦੇ ਵਿਤਕਰਿਆਂ ਤੋਂ ਉਪਰ ਉਠਕੇ ਸਿਖਰਾਜ ਦੇ ਭਲੇ ਲਈ ਕਾਰਜਰਤ ਕਰਨਾ ਰਣਜੀਤ ਸਿੰਘ ਦੇ ਹਿੱਸੇ ਹੀ ਆਂਉਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਫ਼ੌਜੀ ਸੰਗਠਨ ਵੀ ਹਰ ਪ੍ਰਕਾਰ ਦੇ ਵਿਤਰਿਆਂ ਤੋਂ ਉਪਰ ਉਠਕੇ ਕੇਵਲ ਯੋਗਤਾ ਦੇ ਆਧਾਰ ਤੇ ਕੀਤਾ। ਦਿਨੋ ਦਿਨ ਵਧਦੀ ਜਾ ਰਹੀ ਅੰਗਰੇਜ਼ ਫ਼ੌਜੀ ਤਾਕਤ ਦਾ ਮੁਕਾਬਲਾ ਕਰਨ ਲਈ ਉਨ੍ਹਾ ਦੇ ਮੁਕਾਬਲੇ ਦੀ ਫ਼ੌਜ ਤਿਆਰ ਕਰਨਾ ਰਣਜੀਤ ਸਿੰਘ ਦੀ ਦੂਰਅੰਦੇਸ਼ੀ ਦੀ ਗਵਾਹੀ ਭਰਦਾ ਹੈ। ਯੂਰਪੀਨ ਢੰਗ ਤੇ ਯੁੱਧ ਕੌਸ਼ਲ ਦੀ ਤਿਆਰੀ ਕਰਵਾਉਣ ਲਈ ਉਸਨੇ ਇਟੈਲੀਅਨ, ਫ਼੍ਰੈਂਚ, ਇੰਗਲਿਸ਼, ਜਰਮਨ, ਆਈਰਿਸ਼, ਸਪੈਨੀਆਰਡ, ਗਰੀਕ, ਰਸ਼ੀਅਨ, ਆਸਟਰੀਅਨ ਤੇ ਅਮਰੀਕਨ ਜਰਨੈਲਾਂ ਦੀ ਭਰਤੀ ਕੀਤੀ ਹੋਈ ਸੀ। ਜੰਗੀ ਸਾਮਾਨ ਤੇ ਫ਼ੌਜ ਦੀਆਂ ਵਰਦੀਆਂ ਤੇ ਹੋਰ ਜ਼ਰੂਰਤਾਂ ਲਈ ਕਈ ਕਾਰਖਾਨੇ ਚਲਾਏ ਗਏ ਸਨ। ਸਿੱਖ ਫ਼ੌਜ ਦੀ ਤਿਆਰੀ ਤੇ ਚੜ੍ਹਤ ਦੇਖਕੇ ਉਸਦੇ ਰਾਜ ਦੇ ਸਮੇ ਅੰਗਰੇਜ਼ ਹਕੂਮਤ ਦਾ ਸਿੱਖ ਫ਼ੌਜ ਨਾਲ ਉਲਝਣ ਦਾ ਹੀਆਂ ਨਹੀਂ ਸੀ ਪਿਆ।

ਖਾਲਸਾ ਰਾਜ ਦਾ ਵਿਸਥਾਰ ਕਰਨ ਤੇ ਤਾਕਤਵਰ ਬਣਾਉਣ ਲਈ ਮਹਾਰਾਜ ਨੂੰ ਆਲੇ ਦੁਆਲੇ ਦੀਆਂ ਹਕੂਮਤਾਂ ਨਾਲ ਕਈ ਲੜਾਈਆਂ ਲੜਨੀਆਂ ਪਈਆਂ। ਕਈ ਸਿੱਖ ਤੇ ਪਠਾਣ ਹਾਕਮ ਆਪਣੀ ਤਾਕਤ ਦੇ ਜ਼ੋਰ ਨਾਲ ਪਰਜਾ ਤੇ ਮਨਮਾਨੀਆਂ ਕਰ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਪਰਜਾ ਦੀ ਸੁਰੱਖਿਆ ਦੀ ਖੁਸ਼ਹਾਲੀ ਲਈ ਇਨ੍ਹਾ ਰਾਜਾਂ ਨੂੰ ਇਕੱਠੇ ਕਰਕੇ ਇਕ ਬਲਸ਼ਾਲੀ ਖਾਲਸਾ ਰਾਜ ਦੀ ਸਥਾਪਨਾ ਕੀਤੀ ਜਿਸ ਵਿਚ ਹਰੇਕ ਨਾਗਰਿਕ ਸੁਰੱਖਿਅਤ ਮਹਿਸੂਸ ਕਰਦਾ ਸੀ। ਚਾਰਲਸ ਹੂਗਲ, ਇਕ ਆਸਟ੍ਰੀਅਨ ਫ਼ੌਜੀ ਤੇ ਡਿਪਲੋਮੈਟ ਜੋ 1830 ਵਿਚ ਉਤਰੀ ਭਾਰਤ ਦੀ ਯਾਤਰਾ ਕਰ ਰਿਹਾ ਸੀ, ਨੇ ਲਿਖਿਆ ਹੈ " Never perhaps so large an empire founded by one man by so little criminality and when we consider the country and the uncivilized people with whom he had to deal his mild and prudent government must be regarded with feeling of astonishment.

ਯੁੱਧ ਕਰਕੇ ਗੱਦੀਓਂ ਲਾਹੇ ਹਾਕਮਾਂ ਅਤੇ ਉਨ੍ਹਾਂ ਦੇ ਅਸ਼੍ਰਿਤਾਂ ਪ੍ਰਤੀ ਵੀ ਮਹਾਰਾਜੇ ਦਾ ਵਤੀਰਾ ਬੜਾ ਮਾਨਵਵਾਦੀ ਸੀ। ਅਜਿਹੇ ਹਾਰੇ ਹਾਕਮਾਂ ਦੇ ਆਸ਼੍ਰਿਤਾਂ ਨੂੰ ਉਸਨੇ ਜਗੀਰਾਂ ਦੇਕੇ ਆਪਣਾ ਨਿਰਬਾਹ ਚਲਾਉਦੇ ਰੱਖਣ ਦੀਆਂ ਬਖਸ਼ਿਸ਼ਾਂ ਕੀਤੀਆਂ। 1809 ਵਿਚ ਕਸੂਰ ਦੇ ਨਵਾਬ ਕੁਤਬੁਦੀਨ ਨੂੰ ਮਮਦੋਟ ਦੀ ਜਾਗੀਰ ਦਿੱਤੀ। 1818 ਵਿਚ ਮੁਲਤਾਨ ਜਿੱਤਕੇ ਨਵਾਬ ਮੁਜ਼ੱਫ਼ਰ ਖਾਨ ਦੇ ਪੁੱਤਰਾਂ ਨੂੰ ਸ਼ੱਕਰਪੁਰ ਤੇ ਨੌਲੱਖਾ ਦੀ ਜਾਗੀਰ ਦਿੱਤੀ। ਇਸੇ ਤਰ੍ਹਾਂ ਪੇਸ਼ਾਵਰ ਦੇ ਸੁਲਤਨ ਮੁਹੰਮਦ ਖਾਨ ਨੂੰ ਹਸਤਨਗਰ ਦੀ ਜਾਗੀਰ ਬਖਸ਼ੀ। ਇਸ ਸੰਬੰਧੀ ਉਸ ਵੇਲੇ ਦਾ ਇਕ ਹੋਰ ਯਾਤਰੀ ਤੇ ਪਸ਼ੂ ਚਿਕਿਤਸਕ ਮੂਰਕਰਾਫ਼ਟ ਲਿਖਦਾ ਹੈ, "ਦਿੱਲੀ ਤੇ ਕਾਬਲ ਦੇ ਬਾਜ਼ਾਰਾਂ ਵਿਚ ਆਪ ਕਈ ਸ਼ਾਹੀ ਘਰਾਣੇ ਦੇ ਲੋਕਾਂ ਨੂੰ ਭੀਖ ਮੰਗਦੇ ਹੋਏ ਵੇਖੋਗੇ ਪਰ ਪੰਜਾਬ ਵਿਚ ਆਪਨੂੰ ਕੋਈ ਅਜਿਹਾ ਘਰਾਣਾਂ ਜਾਂ ਖਾਨਦਾਨ ਨਹੀ ਮਿਲੇਗਾ। ਮੈਂ ਏਸ਼ੀਆ ਵਿਚ ਮਹਾਰਾਜਾ ਰਣਜੀਤ ਸਿੰਘ ਜੇਹਾ ਸਿਆਣਾ ਬਾਦਸ਼ਾਹ ਅਜੇ ਤਕ ਨਹੀਂ ਡਿੱਠਾ।"

ਬਚਪਨ ਵਿਚ ਚੇਚਕ ਕਾਰਨ ਰਣਜੀਤ ਦੀ ਇਕ ਅੱਖ ਮਾਰੀ ਗਈ ਸੀ। ਉਹ ਅਕਸਰ ਕਿਹਾ ਕਰਦਾ ਸੀ- ਰਬ ਚਾਹੁੰਦਾ ਹੈ ਕਿ ਮੈ ਆਪਣੀ ਸਾਰੇ ਧਰਮਾਂ ਦੀ ਪਰਜਾ ਨੂੰ ਇਕ ਅੱਖ ਨਾਲ ਵੇਖਾਂ। ਬਿਨਾ ਕਿਸੇ ਭੇਦ ਭਾਵ ਤੋਂ ਪਰਜਾ ਦੇ ਹਰੇਕ ਸੰਪ੍ਰਦਾਇ ਨਾਲ ਮਹਾਰਾਜੇ ਦਾ ਸਲੂਕ ਇਕੋ ਜਿਹਾ ਸੀ।

ਉਸਨੇ ਆਪਣੇ ਮੰਤਰੀ ਮੰਡਲ ਵਿਚ ਹਰੇਕ ਧਰਮ ਦੇ ਪ੍ਰਤਿਨਿਧ ਵਜ਼ੀਰ ਤੇ ਅਹਿਲਕਾਰ ਮੁਕੱਰਰ ਕੀਤੇ ਹੋਏ ਸਨ। ਲਾਹੋਰ ਦਾ ਕੋਤਵਾਲ ਇਮਾਮ ਬਖਸ਼, ਆਪਣੇ ਰਾਜ ਦਾ ਪ੍ਰਾਈਮ ਮਨਿਸਟਰ ਧਿਆਨ ਸਿੰਘ ਡੋਗਰਾ, ਵਿਦੇਸ਼ ਮੰਤਰੀ ਫ਼ਕੀਰ ਅਜ਼ਿਜ਼ੂਦੀਨ, ਲਾਹੋਰ ਦਾ ਗਵਰਨਰ ਫ਼ਕੀਰ ਨੁਰੂਦੀਨ, ਖਜ਼ਾਨਾ ਮੰਤਰੀ ਭਵਾਨੀਦਾਸ ਆਦਿਕ ਕੁਝ ਮਿਸਾਲਾਂ ਦਿੱਤੀਆ ਜਾ ਸਕਦੀਆਂ ਹਨ।

ਸਰਕਾਰੀ ਮਹਿਕਮਿਆਂ ਵਿਚ ਵੀ ਹਰੇਕ ਧਰਮ ਵਿਚੋਂ ਯੋਗ ਵਿਅੱਕਤਿਆਂ ਨੂੰ ਉੱਚੇ ਨੀਵੇਂ ਅਹੁਦਿਆ ਤੇ ਨਿਯੁੱਕਤ ਕੀਤਾ ਗਿਆ ਸੀ।

ਤਿਉਹਾਰਾਂ, ਉਰਸਾਂ ਤੇ ਮੇਲਿਆਂ ਅਤੇ ਵਿਸ਼ੇਸ਼ ਅਵਸਰਾਂ ਤੇ ਸਾਰੇ ਧਰਮਾ ਨੂੰ ਇਕੋ ਜਿਹਾ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਉਲੇਮਾਂ ਤੇ ਕਾਜ਼ੀਆ ਨੂੰ ਈਦ ਤੇ ਹੋਰ ਇਸਲਾਮੀ ਤਿਉਹਾਰਾਂ ਤੇ ਖਿਲਤਾਂ ਬਖਸ਼ੀਆਂ ਜਾਂਦੀਆਂ ਸਨ। ਹੋਲੀ, ਦੀਵਾਲੀ, ਦੁਸ਼ਹਿਰਾ, ਈਦ, ਮੁਹੱਰਮ, ਗੁਰਪੁਰਬਾਂ ਤੇ ਵੈਸਾਖੀ ਆਦਿਕ ਸਾਰੇ ਅਵਸਰਾਂ ਤੇ ਮਹਾਰਾਜਾ ਸਭ ਦੇ ਤਿਉਹਾਰਾਂ ਵਿਚ ਸ਼ਾਮਿਲ ਹੁੰਦਾ ਸੀ।

ਹਰਿਮੰਦਰ ਸਾਹਿਬ ਤੇ ਸੋਨੇ ਦੀਆਂ ਪਲੇਟਾਂ ਲਗਵਾਉਣ ਦੇ ਨਾਲ ਹਿੰਦੂ ਮੰਦਰਾਂ ਦੀ ਮੁਰੰਮਤ, ਸੁੰਦਰੀਕਰਨ ਤੇ ਰੱਖ ਰਖਾਓ ਲਈ ਵੀ ਭਾਰੀ ਮਾਤਰਾ ਵਿਚ ਧਨ ਤੇ ਸੋਨਾ ਭੇਟਾ ਕੀਤਾ। ਕਾਸ਼ੀ ਵਿਸ਼ਵਨਾਥ ਮੰਦਰ ਲਈ ਇਕ ਟਨ ਸੋਨਾ ਭੇਟ ਕੀਤਾ ਤੇ ਜਵਾਲਾਮੁਖੀ ਮੰਦਰ ਨੂੰ ਸੋਨੇ ਦੀਆਂ ਪਲੇਟਾਂ ਨਾਲ ਸਜਾਇਆ। ਹਜ਼ਰਤ ਦਾਤਾ ਗੰਜ ਤੇ ਮੌਜੇ ਦਰਾਂ ਗੁੰਬਦ ਦੀ ਮੁਰੰਮਤ ਕਰਵਾਈ ਗਈ। ਲਾਹੌਰ ਦੀ ਸੁਨਹਿਰੀ ਮਸਜਿਦ ਨੂੰ ਨਿਹਗਾਂ ਦੇ ਕਬਜ਼ੇ ਵਿਚੋਂ ਛੁੜਵਾਕੇ ਵਾਪਸ ਮੁਸਲਮਾਨਾ ਨੂੰ ਦਿੱਤੀ ਗਈ। ਰਾਜ ਵਿਚ ਮੁਸਲਮਾਨਾ ਦੀ ਗਿਣਤੀ 80% ਅਤੇ ਸਿੱਖਾਂ ਤੇ ਹਿੰਦੂਆਂ ਦੀ ਕੇਵਲ 20% ਹੋਣ ਦੇ ਬਾਵਜੂਦ ਵੀ ਮਹਾਰਾਜੇ ਦਾ ਰਾਜ ਸਰਕਾਰੇ-ਏ-ਖਾਲਸਾ ਅਖਵਾਉਣ ਪਿੱਛੇ ਮਹਾਰਾਜੇ ਦੀ ਸਿੱਖੀ ਦੀ ਸਰਬੱਤ ਦੇ ਭਲੇ ਤੇ ਹਲੀਮੀ ਰਾਜ ਦੀ ਭਾਵਨਾ ਕੰਮ ਕਰ ਰਹੀ ਸੀ।

ਵਿਦਿਆ, ਸਾਹਿਤ ਸਿਰਜਨ, ਤੇ ਲੋਕ ਭਲਾਈ ਦੇ ਕਾਰਜਾਂ ਨੂੰ ਮਹਾਰਾਜਾ ਨੇ ਹਮੇਸ਼ਾ ਪਹਿਲ ਦਿੱਤੀ। ਜਰਨੈਨ ਹਰੀ ਸਿੰਘ ਨਲੂਆ ਜਦੋਂ ਪਠਾਣਾ ਨੂੰ ਸੋਧਣ ਲਈ ਖੈਬਰ ਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਸੀ ਕੀਤਾ ਤਾਂ ਮਹਾਰਾਜੇ ਨੂੰ ਉਸ ਸਰਹੱਦੀ ਇਲਾਕੇ ਦੇ ਆਖੂਨਜ਼ਾਦਿਆਂ ਦਾ ਪੁਰਾਣੇ ਪੁਸਤਕਾਲੇ ਦਾ ਪਤਾ ਲਗਾ ਤਾਂ ਉਸਨੇ ਹੁਕਮ ਜਾਰੀ ਕੀਤਾ ਕਿ ਇਸ ਲਾਇਬ੍ਰੇਰੀ ਦਾ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨਾ ਕੀਤਾ ਜਾਏ। ਇਕ ਮੁਸਲਮਾਨ ਖੁਸ਼ਨਵੀਸ ਪਾਸੋਂ ਕੁਰਾਨ ਸ਼ਰੀਫ਼ ਇਕ ਲਖ ਰੁਪਏ ਮੁੱਲ ਦੇਕੇ ਖਰੀਦਿਆ ਤੇ ਫ਼ਕੀਰ ਅਜ਼ੀਜ਼ੁਦੀਨ ਨੂੰ ਭੇਟਾ ਕਰ ਦਿੱਤਾ। ਰਾਜ ਦੀ ਕੁਲ ਆਮਦਨੀ ਦਾ ਦਸਵਾਂ ਹਿੱਸਾ ਲੋਕ ਭਲਾਈ ਦੇ ਕਾਰਜਾਂ ਤੇ ਖਰਚ ਕੀਤਾ ਜਾਂਦਾ ਸੀ। ਮਹਾਰਾਜ ਦੇ ਰਾਜ ਵਿਚ ਚਾਰ ਹਜ਼ਾਰ ਸਕੂਲ ਚਲਦੇ ਸਨ ਜਿਨ੍ਹਾ ਵਿਚ 1,20,000 ਵਿਦਿਆਰਥੀ ਪੜ੍ਹਦੇ ਸਨ । ਅਰਬੀ ਫ਼ਾਰਸੀ ਤੇ ਅੰਗਰੇਜ਼ੀ ਦੀ ਵਿਦਿਆ ਦੇਣ ਲਈ ਵੀ ਸਕੂਲ ਖੋਲੇ ਗਏ ਸਨ। ਲੋਕਾਂ ਦੀ ਸੇਹਤ ਤੇ ਇਲਾਜ ਲਈ ਲਾਹੋਰ ਦਾ ਬਜ਼ਾਰੇ ਹਕੀਮਾਂ ਪ੍ਰਸਿੱਧ ਸੀ।

ਮਹਾਰਾਜੇ ਵੱਲੋਂ ਖੁਦ ਆਪ ਲੋਕਾਂ ਦੀ ਸੇਵਾ ਦੀਆਂ ਕਈ ਕਥਾਂਵਾਂ ਪ੍ਰਚੱਲਤ ਹਨ। ਜਿਵੇਂ ਅਕਾਲ ਸਮੇ ਲੋਕਾਂ ਲਈ ਸ਼ਾਹੀ ਗੋਦਾਮਾਂ ਚੋਂ ਮੁਫ਼ਤ ਅਨਾਜ ਵੰਡਣ ਦਾ ਹੁਕਮ ਦੇਣਾ। ਇਕ ਬੁੱਢੇ ਗਰੀਬ ਦਾ ਅਨਾਜ ਦਾ ਬੋਰਾ ਚੁੱਕ ਕੇ ਉਸਦੇ ਘਰ ਪਹੁੰਚਾਣਾ, ਇਕ ਬੁੱਢੀ ਮਾਈ ਨੂੰ ਉਸਦੇ ਲੋਹੇ

ਦੇ ਤਵੇ ਬਰਾਬਰ ਸੋਨਾ ਦੇਣਾ, ਦਰਖਤਾਂ ਤੋਂ ਫਲ ਡੇਗਣ ਲਈ ਬੱਚਿਆਂ ਵੱਲੋਂ ਵਗਾਇਆ ਗਿਆ ਇਕ ਪੱਥਰ ਮਹਾਰਾਜੇ ਨੂੰ ਲੱਗਣ ਬਦਲੇ ਉਨ੍ਹਾਂ ਨੂੰ ਮਿਠਾਈ ਵੰਡਣਾ।

ਮਹਾਰਾਜੇ ਦੇ ਦਿਲ ਵਿਚ ਸਿੱਖੀ ਪ੍ਰਤੀ ਵੀ ਡੂੰਘੀ ਸ਼ਰਧਾ ਭਾਵਨਾ ਸੀ। ਉਹ ਹਰਰੋਜ਼ ਗੁਰਬਾਣੀ ਦਾ ਪਾਠ ਸੁਣਕੇ ਆਪਣੇ ਦਿਨ ਦਾ ਕੰਮ ਸ਼ੁਰੂ ਕਰਦਾ ਸੀ। ਹਰੇਕ ਮੁਹਿੰਮ ਸ਼ੁਰੂ ਕਰਨ ਵੇਲੇ ਹਰਿਮੰਦਰ ਸਾਹਿਬ ਅਰਦਾਸ ਕੀਤੀ ਜਾਂਦੀ ਸੀ। ਇਕ ਵਾਰ ਪਤਾ ਲਗਣ ਤੇ ਕਿ ਰਾਜ ਦੇ ਇਕ ਨਿਵਾਸੀ ਵਡਉਮਰੇ ਬਜ਼ੁਰਗ ਨੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਦਰਸ਼ਨ ਕੀਤੇ ਹਨ। ਮਹਾਰਾਜਾ ਨੇ ਉਸਨੂੰ ਪਾਲਕੀ ਭੇਜ ਕੇ ਬੁਲਾਇਆ, ਉਸਦੀਆਂ ਅੱਖਾਂ ਚੁੰਮੀਆਂ ਤੇ ਪੈਰਾਂ ਤੇ ਮੱਥਾ ਰਗੜਿਆ। ਦਰਬਾਰ ਸਾਹਿਬ ਤੇ ਸੋਨਾ ਚੜ੍ਹਾਇਆ। ਨਿਜ਼ਾਮ ਹੈਦਰਾਬਾਦ ਵੱਲੋਂ ਭੇਜੀ ਚਾਨਣੀ ਨੂੰ ਦਰਬਾਰ ਸਾਹਿਬ ਭੇਟ ਕੀਤਾ। ਕੰਵਰ ਨੌਨਿਹਾਲ ਸਿੰਘ ਲਈ ਬਣਵਾਇਆ ਸਿਹਰਾ ਦਰਬਾਰ ਸਾਹਿਬ ਭੇਟ ਕੀਤਾ।

ਉਨੀਵੀ ਸਦੀ ਦੇ ਪੰਜਾਬ ਦੇ ਰਾਜ ਕਵੀ ਵੱਲੋਂ ਜਾਣੇ ਜਾਂਦੇ ਸ਼ਾਹ ਮੁਹੰਮਦ ਨੇ ਆਪਣੀ ਜੰਗਨਾਮਾ-ਸਿੰਘਾਂ ਤੇ ਫਿਰੰਗੀਆਂ ਵਚ ਮਹਾਰਾਜਾ ਰਣਜੀਤ ਦੀ ਮਹਾਨਤਾ ਪ੍ਰਗਟ ਕਰਿਦਆਂ ਲਿਖਆ ਹੈ:-

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਖ ਹਿਲਾਇ ਗਿਆ।

ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ, ਕਾਂਗੜਾ, ਕੋਟ, ਨਿਵਾਇ ਗਿਆ।

ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।

ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਹੱਛਾ ਰੱਜ ਕੇ ਰਾਜ ਕਮਾਇ ਗਿਆ।

# ਵਾਰਾਂ ਭਾਈ ਗੁਰਦਾਸ ਜੀ: ਭਾਗ ਪੰਜਵਾਂ

ਸਰਦਾਰ ਜਸਵਿੰਦਰ ਸਿੰਘ ਰੁਪਾਲ

### ਮੂਲ ਪਾਠ (ਵਾਰ ੧, ਪਉੜੀ ੫)

**ਚਾਰਿ ਜੁਗਿ ਕਰਿ ਥਾਪਨਾ ਸਤਿਜੁਗ ਤ੍ਰੇਤਾ ਦੁਆਪਰੁ ਸਾਜੇ।**

**ਚਉਥਾ ਕਲਿਜੁਗ ਥਾਪਿਆ ਚਾਰਿ ਵਰਨਿ ਚਾਰੋਂ ਕੇ ਰਾਜੇ।**

**ਬ੍ਰਹਮਣ ਛਤ੍ਰੀ ਵੈਸ ਸੂਦ੍ਰ ਜੁਗੁ ਜੁਗੁ ਏਕੋ ਵਰਨ ਬਿਰਾਜੇ।**

**ਸਤਿਜੁਗਿ ਹੰਸ ਅਉਤਾਰੁ ਧਰਿ ਸੋਹੰ ਬ੍ਰਹਮ ਨ ਦੂਜਾ ਪਾਜੇ।**

**ਏਕੋ ਬ੍ਰਹਮੁ ਵਖਾਣੀਐ ਮੋਹ ਮਾਇਆ ਤੇ ਬੇਮੁਹਤਾਜੇ।**

**ਕਠਿਨ ਤਪਸਿਆ ਬਨਿ ਵਿਖੇ ਵਖਤ ਗੁਜਾਰਨਿ ਪਿੰਨੀ ਸਾਗੇ।**

**ਲਖ ਵਰ੍ਹਿਆ ਦੀ ਆਰਜਾ ਕੋਠੇ ਕੋਟਿ ਨ ਮੰਦਰਿ ਸਾਜੇ।**

**ਇਕ ਬਿਨਸੈ ਇਕ ਅਸਥਿਰੁ ਗਾਜੇ।**

### ਸਰਲ ਅਰਥ

ਭਾਈ ਗੁਰਦਾਸ ਜੀ ਉਸ ਸਮੇਂ ਪ੍ਰਚੱਲਿਤ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ। ਅਕਾਲਪੁਰਖ ਨੇ ਕਿਵੇਂ ਸ੍ਰਿਸ਼ਟੀ ਸਾਜੀ ਅਤੇ ਵੱਖ ਵੱਖ ਜੁੱਗ ਥਾਪੇ। ਸਭ ਤੋਂ ਪਹਿਲਾਂ ਪ੍ਰਭੂ ਨੇ ਚਾਰ ਜੁੱਗ ਥਾਪੇ ਜਿਹਨਾਂ ਦੇ ਨਾਮ ਕ੍ਰਮਵਾਰ ਸਤਿਜੁਗ, ਤ੍ਰੇਤਾ ,ਦੁਆਪਰੁ ਅਤੇ ਕਲਿਜੁਗ ਹਨ। ਚਾਰ ਵਰਣ ਚਾਰਾਂ ਦੇ ਰਾਜੇ ਬਣਾਏ। ਸਤਿਜੁਗ ਵਿੱਚ ਬ੍ਰਾਹਮਣ, ਤ੍ਰੇਤਾ ਵਿਚ ਖੱਤਰੀ,ਦੁਆਪਰੁ ਵਿਚ ਵੈਸ਼ ਅਤੇ ਕਲਿਜੁਗ ਵਿਚ ਸ਼ੂਦਰ ਦਾ ਰਾਜ ਮੰਨਿਆ ਜਾਂਦਾ ਹੈ। ਪਰ ਪ੍ਰਭੂ ਆਪ ਚਹੁੰ ਜੁਗਾਂ ਵਿਚ ਇੱਕ ਸਰੂਪ ਹੋ ਕੇ ਹੀ ਵਿਚਰ ਰਿਹਾ ਹੈ। ਸਤਿਜੁਗ ਵਿਚ ਹੰਸ ਅਵਤਾਰ ਦਾ ਰੂਪ ਧਾਰ ਕੇ ਸੋਹੰ ਬ੍ਰਹਮ ਦਾ ਗਿਆਨ ਦਿੱਤਾ ਅਤੇ ਕੋਈ ਦੂਜਾ ਪਾਖੰਡ ਨਹੀਂ ਕੀਤਾ। ਇਸ ਜੁੱਗ ਵਿਚ ਲੋਕ ਇੱਕੋ ਬ੍ਰਹਮ ਹੀ ਬ੍ਰਹਮ ਆਖਦੇ ਸਨ ਅਤੇ ਮੋਹ ਮਾਇਆ ਤੋਂ ਦੂਰ ਰਹਿੰਦੇ ਸਨ। ਉਹ ਜੰਗਲਾਂ ਵਿੱਚ ਜਾ ਕੇ ਤਪ ਕਰਦੇ ਸਨ ਅਤੇ ਪਿੰਨੀ ਸਾਗ ਯਾਨੀ ਸਾਦਾ ਖਾਣਾ ਖਾਂਦੇ ਸਨ। ਉਸ ਸਮੇਂ ਲੋਕਾਂ ਦੀ ਉਮਰ ਲੱਖ ਵਰ੍ਹੇ ਦੀ ਹੁੰਦੀ ਸੀ ਫੇਰ ਵੀ ਉਹ ਕੋਠੇ ਕੋਟ ਮਹਿਲ ਆਦਿ ਨਹੀਂ ਸੀ ਬਣਾਉਂਦੇ। ਇੱਕ ਨਾਸ ਹੁੰਦੇ ਜਾਂਦੇ ਹਨ ਅਤੇ ਦੂਜੇ ਆਪਣੇ ਆਪ ਨੂੰ ਅਚੱਲ ਮੰਨਦੇ ਹਨ ਅਤੇ ਹੰਕਾਰ ਕਰਦੇ ਹਨ।

### ਇਸਤੇ ਵਿਚਾਰ

ਕੇਂਦਰੀ ਭਾਵ ਦਰਸਾਉਂਦੀ ਆਖਰੀ ਪੰਕਤੀ ਵਿੱਚ ਭਾਈ ਸਾਹਿਬ ਆਖਦੇ ਹਨ ਕਿ ਅਖੀਰ ਤੇ ਸਭ ਬਿਨਾਸ ਹੋ ਜਾਂਦੇ ਹਨ ਪਰ ਕੁਝ ਆਪਣੇ ਆਪ ਨੂੰ ਸਥਿਰ ਮੰਨ ਕੇ ਗੱਜਦੇ ਹਨ ਭਾਵ ਹੰਕਾਰ ਕਰਦੇ ਹਨ। ਪਿਛਲੀ ਪਉੜੀ ਵਿਚ ਅਕਾਲ ਪੁਰਖ ਵਲੋਂ ਬ੍ਰਹਿਮੰਡਾਂ ਦੀ ਸਿਰਜਣਾ ਦੀ ਗੱਲ ਕੀਤੀ ਗਈ ਸੀ (ਸਥਾਨ) ਇਸ ਪਉੜੀ ਵਿਚ ਸਮੇਂ ਦੀ ਵੰਡ ਮੁਤਾਬਕ ਜਾਣੇ ਜਾਂਦੇ ਜੁੱਗਾਂ ਦੀ ਗੱਲ ਕੀਤੀ ਗਈ ਹੈ। ਜੁੱਗਾਂ ਦੀ ਇਹ ਵੰਡ ਹਿੰਦੂ ਧਾਰਮਿਕ ਗ੍ਰੰਥਾਂ ਅਨੁਸਾਰ ਹੈ। ਪਰਮਾਤਮਾ ਵੱਲੋਂ ਹੰਸ (ਵਿਸ਼ਨੂੰ ਦਾ ਅਵਤਾਰ) ਅਵਤਾਰ ਧਾਰ ਕੇ ਕੇਵਲ ਬ੍ਰਹਮ ਦਾ ਗਿਆਨ ਕਰਵਾਉਣਾ ਵੀ ਲਿਖਿਆ ਹੈ। ਜਿਕਰ ਹੈ ਕਿ ਜਦੋਂ ਸਨਕਾਦਿਕਾਂ (ਬ੍ਰਹਮਾ ਦੇ ਪੁੱਤਰ) ਨੇ ਆਪਣੇ ਪਿਤਾ ਨੂੰ ਪੁੱਛਿਆ ਕਿ ਮਨ, ਬਾਣੀ ਅਤੇ ਇੰਦ੍ਰੀਆਂ ਤੋਂ ਪਰ੍ਹੇ ਜਿਹੜੀ ਅਦੁੱਤੀ ਆਤਮਾ ਹੈ, ਉਸਨੂੰ ਕਿਵੇਂ ਜਾਣਿਆ ਜਾਵੇ । ਬ੍ਰਹਮਾ ਜੀ ਨਿਰ ਉੱਤਰ ਹੋ ਗਏ , ਤਾਂ ਵਿਸ਼ਨੂੰ ਜੀ ਹੰਸ ਅਵਤਾਰ ਧਾਰ ਕੇ ਆਏ ਜਿਸਦੇ ਖੰਭਾਂ ਤੇ ਵੇਦਾਂ ਦੇ ਸਲੋਕ ਲਿਖੇ ਹੋਏ ਸਨ। ਸਨਕਾਦਿਕ ਸਮਝ ਗਏ ਕਿ ਆਤਮਾ ਨੂੰ ਸ਼ਬਦ ਰਾਹੀਂ

ਪਾਇਆ ਜਾ ਸਕਦਾ ਹੈ। ਸਤਿਜੁੱਗ ਨੂੰ ਸਤਿ ਦਾ ਜੁੱਗ ਮੰਨਿਆ ਗਿਆ ਹੈ ਜਿੱਥੇ ਲੋਕ ਅਸਲ ਅਰਥਾਂ ਵਿਚ ਧਾਰਮਿਕ ਹੁੰਦੇ ਸਨ। ਲੋਕ ਭਗਤੀ ਕਰਦੇ ਸਨ, ਮਾਇਆ ਅਤੇ ਇਸਦੇ ਪ੍ਰਭਾਵ ਤੋਂ ਬਚਦੇ ਸਨ। ਪੁਰਾਣਾਂ ਵਿਚ ਇਸ ਜੁੱਗ ਵਿਚ ਇੱਕ ਇਨਸਾਨ ਦੀ ਉਮਰ ਲੱਖ ਸਾਲ ਲਿਖੀ ਗਈ ਹੈ। (ਤ੍ਰੇਤੇ ਵਿਚ 10000 ਸਾਲ, ਦੁਆਪਰੁ ਵਿਚ 1000 ਸਾਲ ਅਤੇ ਕਲਿਜੁਗ ਵਿਚ 100 ਸਾਲ) ਮਨੂੰ ਸਿਮ੍ਰਤੀ ਅਨੁਸਾਰ ਸਤਿਜੁਗ ਵਿਚ 400 ਸਾਲ,ਤ੍ਰੇਤੇ ਵਿੱਚ 300 ਸਾਲ, ਦੁਆਪਰੁ ਵਿਚ 200 ਸਾਲ ਅਤੇ ਕਲਿਜੁਗ ਵਿਚ 100 ਸਾਲ ਹੈ। ਸਤਿਜੁਗਿ ਵਿੱਚ ਲੰਮੀ ਉਮਰ ਹੋਣ ਦੇ ਬਾਵਜੂਦ ਲੋਕ ਆਪਣੇ ਦੇਹ ਨੂੰ ਨਾਸ਼ਵਾਨ ਮੰਨਦੇ ਸਨ ਤਦ ਹੀ ਭਗਤੀ ਕਰਦੇ ਸਨ ਅਤੇ ਜਾਇਦਾਦ ਨਹੀਂ ਸੀ ਇਕੱਠੀ ਕਰਦੇ। ਪਰ ਕਲਿਜੁੱਗ ਵਿਚ ਘੱਟ ਉਮਰ ਹੋਣ ਦੇ ਬਾਵਜੂਦ ਅਗਿਆਨ ਅਤੇ ਹੰਕਾਰ ਵਿਚ ਧਨ ਦੌਲਤ ਇਕੱਠੀ ਕਰਨ ਵਿਚ ਲੱਗੇ ਰਹਿੰਦੇ ਹਨ।

### ਮੇਲ ਖਾਂਦੇ ਗੁਰਬਾਣੀ ਫੁਰਮਾਨ

ਭਾਈ ਗੁਰਦਾਸ ਜੀ ਨੇ ਆਦਿ ਗ੍ਰੰਥ ਦੀ ਸਾਰੀ ਬਾਣੀ ਆਪਣੇ ਹੱਥੀਂ ਲਿਖੀ ਹੋਈ ਹੋਣ ਕਰਕੇ ਉਹਨਾਂ ਨੂੰ ਗੁਰਬਾਣੀ ਵਿੱਚ ਦਰਜ ਸਿਧਾਂਤ ਦ੍ਰਿੜ੍ਹ ਸਨ ਪਰ ਗੁਰਬਾਣੀ ਵਾਂਗ ਹੀ ਉਹਨਾਂ ਨੇ ਵੀ ਪ੍ਰਚਲਿਤ ਮੱਤਾਂ ਦੀ ਗੱਲ ਵੀ ਕੀਤੀ ਹੈ। ਹੇਠਾਂ ਅਸੀਂ ਕੁਝ ਅਜਿਹੇ ਗੁਰਬਾਣੀ ਫੁਰਮਾਨ ਦੇ ਰਹੇ ਹਾਂ ਜਿਹਨਾਂ ਦੀ ਵਿਆਖਿਆ ਹੀ ਉਪਰੋਕਤ ਪਉੜੀ ਵਿਚ ਕੀਤੀ ਗਈ ਨਜਰ ਆਉਂਦੀ ਹੈ। ਧਿਆਨ ਨਾਲ ਦੇਖਣ ਤੇ ਬਹੁਤ ਸਾਰੇ ਸ਼ਬਦਾਂ ਦੀ ਸਾਂਝ ਵੀ ਸਾਨੂੰ ਮਿਲਦੀ ਹੈ।

- ਤੁਧੁ ਥਾਪੇ ਚਾਰੇ ਜੁਗ ਤੂ ਕਰਤਾ ਸਗਲ ਧਰਣ॥ (ਪੰਨਾ ੧੦੯੫)

- ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ॥ ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ॥ (ਪੰਨਾ ੪੩੨)

- ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ॥ ਸਭੁ ਕੋ ਸਚਿ ਸਮਾਵੈ॥ (ਪੰਨਾ ੪੭੦)

- ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥ ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬੁਲਾਏ॥ (ਪੰਨਾ ੬੯੨)

- ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥ (ਪੰਨਾ ੭੨੭)

- ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ॥ (ਪੰਨਾ ੪੪੭)

- ਸਨਕਾਦਿਕ ਨਾਰਦ ਮੁਨਿ ਸੇਖਾ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥ (ਪੰਨਾ ੩੩੦)

- ਜਿਸਨੋ ਤੂ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ ਦਾਹਾ॥ (ਪੰਨਾ ੪੦੧)

### ਅੰਤਿਕਾ

ਬਾਣੀਕਾਰਾਂ ਨੇ ਆਪਣੀ ਗੱਲ ਕਹਿਣ ਸਮੇ ਦੂਸਰੇ ਮੱਤ ਦੇ ਵਿਸ਼ਵਾਸ ਨੂੰ ਸਿੱਧਾ ਗਲਤ ਬਿਲਕੁਲ ਨਹੀਂ ਕਿਹਾ। ਸਗੋਂ ਆਪਣੇ ਸਿਧਾਂਤ ਨੂੰ ਦ੍ਰਿੜ ਕਰਵਾਉਣ ਲਈ ਦੂਸਰੇ ਮੱਤਾਂ ਦੀ ਸ਼ਬਦਾਵਲੀ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਇਸੇ ਲਈ ਭਾਈ ਸਾਹਿਬ ਦੀ ਲਿਖਤ ਵਿਚ ਗੁਰਬਾਣੀ ਦੇ ਕਾਫੀ ਸ਼ਬਦ ਮਿਲਦੇ ਹਨ। ਗੁਰਮਤਿ ਸਿਧਾਂਤਾਂ ਦੀ ਤਾਂ ਭਲਾ ਉਹਨਾਂ ਵਿਆਖਿਆ ਕਰਨੀ ਹੀ ਸੀ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਹੋਰ ਮੱਤ ਦੇ ਵਿਸ਼ਵਾਸ ਦਾ ਜਿਕਰ ਉਸ ਵਿਚ ਸਹਿਮਤੀ ਨਹੀਂ ਦਰਸਾਉਂਦਾ। ਗੁਰਬਾਣੀ ਸਿਧਾਂਤ ਅਵਤਾਰਵਾਦ ਦੇ ਵਿਰੁੱਧ ਹਨ। ਪਰ ਗੁਰੂ ਸਾਹਿਬਾਨਾਂ ਵਾਂਗ ਹੀ ਭਾਈ ਗੁਰਦਾਸ ਜੀ ਨੇ ਵੀ ਪ੍ਰਚਲਿਤ ਧਰਮਾਂ ਅਤੇ ਵਿਸ਼ਵਾਸਾਂ ਦੀ ਸ਼ਬਦਾਵਲੀ ਵਰਤ ਕੇ ਹੀ ਆਪਣੀ ਗੱਲ ਆਖੀ ਹੈ।

# ਨਿਮਰਤਾ

ਸਰਦਾਰ ਕਰਨੈਲ ਸਿੰਘ

## ਕਨੇਡੀਅਨ ਸਿੱਖ ਸਟੱਡੀ ਸੈਂਟਰ ਵਲੋਂ 7 ਜੂਨ ਨੂੰ ਨਿਮਰਤਾ ਵਿਸ਼ੇ ਤੇ ਕਰਵਾਈ ਗੋਸ਼ਟੀ ਚ ਪੁੱਛੇ ਕੁਝ ਸਵਾਲ ਤੇ ਉਤਰ

**(1) ਨਿਮਰਤਾ ਕੀ ਹੈ?**

ਨਿਮਰਤਾ ਸੰਸਕ੍ਰਿਤ ਦਾ ਸ਼ਬਦ ਹੈ। ਇਹ ਮਨ ਦੀ ਇੱਕ ਅਵਸਥਾ ਹੈ ਜਿੱਥੇ ਤੁਸੀਂ ਕਿਸੇ ਵਿਸ਼ੇ 'ਤੇ ਦੂਜਿਆਂ ਦੇ ਵਿਚਾਰ ਸੁਣਨ ਲਈ ਸਹਿਮਤ ਹੁੰਦੇ ਹੋ।

**(2) ਮੁੱਖ ਵਿਸ਼ੇਸ਼ਤਾਵਾਂ ਕੀ ਹਨ?**

ਨਿਮਰਤਾ ਆਪਣਾ ਬਚਾਅ ਕਰਨ ਲਈ ਇਕ ਕਵੱਚ ਵਾਂਗ ਹੈ। ਜਿਵੇਂ,

**ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥ (ਸੰਨਾਹੰ: (armour) ਸੰਜੋਆ/ਕਵੱਚ) (ਪੰਨਾ 1356)**

ਮਨ ਦੀ ਕੋਮਲਤਾ ਲਈ ਨਿਮਰਤਾ ਹੋਣਾ ਪਹਿਲੀ ਸ਼ਰਤ ਹੈ, ਜਿਵੇਂ ਗੁਰਬਾਣੀ ਅਨੁਸਾਰ,

**ਲਖ ਘਾਟੀਂ ਊਂਚੌ ਘਨੋ ਚੰਚਲ ਚੀਤ ਬਿਹਾਲ॥ ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ॥ (ਪੰਨਾ 1384)**

ਗੁਰੂ ਸਾਹਿਬ ਨੇ ਨਿਮਰਤਾ ਲਈ "ਹਲੇਮੀ" ਸ਼ਬਦ ਵੀ ਵਰਤਿਆ ਹੈ। ਹੋਰ ਗੁਣਾਂ ਦੇ ਨਾਲ ਹਲੇਮੀ/ਨਿਮਰਤਾ ਦਾ ਹੋਣਾਂ ਵੀ ਜਰੂਰੀ ਹੈ ਤਾਂ ਹੀ ਵਿਅਕਤੀ ਦਾ ਕਿਰਦਾਰ ਸੰਪੂਰਨ ਹੁੰਦਾ ਹੈ:

**ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ॥ ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ॥**

**ਨਾਉ ਬੀਜੁ ਬਖਸੀਸ ਬੋਹਲ ਦੁਨੀਆ ਸਗਲ ਦਰੋਗ॥ ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ॥ (ਪੰਨਾ 955)**

**(3) ਕੀ ਨਿਮਰ ਹੋਣ ਲਈ ਕੋਈ ਪੂਰਵ-ਸ਼ਰਤਾਂ ਹਨ? ਕੀ ਇਹ ਗੁਣ ਇਕੱਲਾ ਮੌਜੂਦ ਹੋ ਸਕਦਾ ਹੈ, ਜਾਂ ਇਹ ਹੋਰ ਗੁਣਾਂ ਦੇ ਨਾਲ ਮਿਲ ਕੇ ਵਾਪਰਦਾ ਹੈ? ਕੀ ਹਮਦਰਦੀ ਅਤੇ ਸੰਤੋਖੀ ਹੋਣਾ ਨਿਮਰ ਹੋਣ ਲਈ ਜ਼ਰੂਰੀ ਮਾਪਦੰਡ ਹਨ?**

ਸੱਚਾ ਜੀਵਨ ਜਿਉਣਾ, ਹਮਦਰਦੀ, ਸੰਜਮ, ਨਿਡਰਤਾ, ਦੁਸ਼ਮਣੀ ਨਾ ਰੱਖਣਾ, ਮਿੱਠਾ ਬੋਲਣਾ, ਵਰਤਮਾਨ ਚ ਜੀਊਣਾ, ਲੋੜਵੰਦਾਂ ਦੀ ਮਦਦ ਕਰਨਾ, ਦੂਜਿਆਂ ਨੂੰ ਨੁਕਸਾਨ ਨਾ ਪਹੁੰਚਾਉਣਾ, ਆਦਿ ਵਰਗੇ ਹੋਰ ਗੁਣ, ਨਿਮਰਤਾ ਲਈ ਪੂਰਵ-ਸ਼ਰਤਾਂ ਹਨ।

**(4) ਕੀ ਤੁਸੀਂ ਸਿਰਫ਼ ਕਹਿਣ ਲਈ ਜਾਂ ਹਕੀਕਤ ਵਿੱਚ ਗਲਤੀਆਂ ਸਵੀਕਾਰ ਕਰਨ ਲਈ ਤਿਆਰ ਹੋ?**

ਗਲਤੀਆਂ ਨੂੰ ਸਵੀਕਾਰ ਕਰਨਾ ਹਕੀਕਤ ਵਿੱਚ ਹੋਣਾ ਚਾਹੀਦਾ ਹੈ। ਅਜਿਹੀਆਂ ਗਲਤੀਆਂ ਦੇ ਕਾਰਨਾਂ ਦਾ ਆਤਮ-ਨਿਰੀਖਣ ਕਰੋ ਅਤੇ ਦੁਬਾਰਾ ਨਾ ਦੁਹਰਾਉਣ ਦਾ ਪ੍ਰਣ ਕਰੋ।

**(5) ਨਿਮਰਤਾ ਅਤੇ ਹਉਮੈ ਵਿਚਕਾਰ ਕੀ ਸਬੰਧ ਹੈ?**

**ਹਉਮੈ**: ਬੰਧਨ ਦਾ ਕਾਰਨ। ਹਉਮੈ ਮਨੁੱਖ ਨੂੰ ਆਪਣੇ ਆਪ ਨਾਲ ਜੋੜਦੀ ਹੈ, "ਮੈਂ ਕਰਤਾ, ਮੈਂ ਜਾਣਦਾ, ਮੈਂ ਵੱਡਾ।" ਇਹ ਮਨ ਵਿੱਚ ਵਿਛੋੜਾ, ਅਹੰਕਾਰ, ਤਕੜਾ-ਪਨ, ਅਤੇ ਦੁੱਖ ਪੈਦਾ ਕਰਦੀ ਹੈ। ਗੁਰਬਾਣੀ ਅਨੁਸਾਰ ਹਉਮੈ ਸਭ ਤੋਂ ਵੱਡਾ ਰੋਗ ਹੈ।

**ਨਿਮਰਤਾ**: ਹਉਮੈ ਤੋਂ ਮੁਕਤੀ ਦਾ ਰਸਤਾ। ਨਿਮਰਤਾ ਮਨੁੱਖ ਨੂੰ ਹਰ ਚੀਜ਼ ਵਿੱਚ ਏਕੰਕਾਰੁ

ਦੀ ਜੋਤ ਵੇਖਣਾ ਸਿਖਾਉਂਦੀ ਹੈ। ਨਿਮਰਤਾ ਨਾਲ ਮਨ ਨਰਮ, ਸਹਿਜ, ਸੇਵਾ-ਭਾਵਨਾ ਵਾਲਾ ਬਣਦਾ ਹੈ।ਨਿਮਰਤਾ ਹਉਮੈ ਨੂੰ ਪਿਘਲਾ ਦਿੰਦੀ ਹੈ, ਕਿਉਂਕਿ ਜਿੱਥੇ "ਮੈਂ" ਨਹੀਂ, ਉੱਥੇ ਹਉਮੈ ਕਿਵੇਂ ਰਹੇਗੀ।

**ਦੋਵੇਂ ਇਕੱਠੇ ਨਹੀਂ ਰਹਿ ਸਕਦੇ**: ਹਉਮੈ ਕਹਿੰਦੀ ਹੈ, "ਮੈਂ ਵੱਡਾ"; ਨਿਮਰਤਾ ਕਹਿੰਦੀ ਹੈ, "ਸਭ ਕੁਝ ਤੇਰਾ।" ਇਸ ਲਈ ਦੋਵੇਂ ਇਕੋ ਮਨ ਵਿੱਚ ਇਕੱਠੇ ਨਹੀਂ ਟਿਕਦੇ। ਜਿਵੇਂ ਹਨੇਰਾ ਤੇ ਰੋਸ਼ਨੀ ਇਕੱਠੇ ਨਹੀਂ ਰਹਿ ਸਕਦੇ।

**ਗੁਰਮਤ ਅਨੁਸਾਰ ਸੰਬੰਧ**: ਹਉਮੈ ਮਨੁੱਖੀ ਕਮਜ਼ੋਰੀ ਹੈ। ਨਿਮਰਤਾ ਗੁਰਮਤ ਦਾ ਆਦਰਸ਼ ਗੁਣ ਹੈ। ਗੁਰਬਾਣੀ ਕਹਿੰਦੀ ਹੈ ਕਿ ਹਉਮੈ ਦਾ ਨਾਸ ਗੁਰਮਤ, ਸਿਮਰਨ, ਸੇਵਾ, ਅਤੇ ਸੰਗਤ ਨਾਲ ਹੁੰਦਾ ਹੈ, ਕਿਉਂਕਿ ਇਹ ਸਭ ਨਿਮਰਤਾ ਪੈਦਾ ਕਰਦੇ ਹਨ।

**ਵਿਵਹਾਰਕ ਰੂਪ ਵਿੱਚ** ਮਨੁੱਖ ਜਦੋਂ ਨਿਮਰ ਹੁੰਦਾ ਹੈ, ਉਹ ਸੁਣਦਾ, ਸਮਝਦਾ, ਮਾਫ਼ ਕਰਦਾ, ਸੇਵਾ ਕਰਦਾ ਹੈ। ਪਰ ਜਦੋਂ ਹਉਮੈ ਵਾਲਾ ਹੁੰਦਾ ਹੈ, ਉਹ ਲੜਦਾ, ਤੁਲਨਾ ਕਰਦਾ, ਹਕ ਜਤਾਉਂਦਾ, ਦੂਜਿਆਂ ਤੇ ਦਬਦਬਾ ਰੱਖਦਾ, ਤੇ ਦੁੱਖੀ ਰਹਿੰਦਾ ਹੈ।

ਸੰਖੇਪ ਵਿਚ ਹਉਮੈ = ਰੋਗ, ਨਿਮਰਤਾ ਤੇ ਹੋਰ ਰੱਬੀ ਗੁਣ = ਇਲਾਜ।

ਜਿੱਥੇ ਨਿਮਰਤਾ ਆਉਂਦੀ ਹੈ, ਹਉਮੈ ਆਪ ਹੀ ਖਤਮ ਹੋਣ ਲੱਗਦੀ ਹੈ।

**(6) ਆਪਣੀ ਨਿਮਰਤਾ ਦਾ ਮੁਲਾਂਕਣ ਕਰਨ ਲਈ ਆਪਣੇ ਆਪ ਦਾ ਕਿਵੇਂ ਸਵੈ-ਪੜਚੋਲ ਕਰਾਂ?**

ਗੁਰਬਾਣੀ ਤੋਂ ਸਵੈ-ਪੜਚੋਲ ਕਰਨ ਦੀ ਕਲਾ ਸਿੱਖਣੀ ਚਾਹੀਦੀ ਹੈ, ਭਾਵ ਮੈਨੂੰ ਇੱਕ ਪੈੱਨ ਤੇ ਕਾਪੀ ਲੈਕੇ ਅਤੇ ਆਪਣੇ ਅੰਦਰਲੇ ਅਵਗੁਣਾਂ ਨੂੰ ਲਿਖਣਾ ਚਾਹੀਦਾ ਹੈ ਜੋ ਮੈਂ ਦੂਰ ਕਰਨੇ ਹਨ। ਇਸੇ ਤਰਾਂ ਗੁਣ ਜੋ ਮੈਂ ਆਪਣੇ ਕਿਰਦਾਰ ਵਿੱਚ ਜਜ਼ਬ ਕਰਨੇ ਹਨ, ਜੋ ਮੈਨੂੰ ਗੁਰਬਾਣੀ ਪੜ੍ਹਦਿਆਂ ਗੁਰਮਤਿ ਦੁਆਰਾ ਦਿਖਾਏ ਗਏ ਹਨ।

**(7) ਕੀ ਅਸੀਂ ਕੌਮੀ ਪੱਧਰ ਤੇ ਨਿਮਰਤਾ ਪੈਦਾ ਕਰਨ ਲਈ ਕੁਝ ਕਰ ਸਕਦੇ ਹਾਂ?**

ਹਾਂ ਕਰ ਸਕਦੇ ਹਾਂ, ਸਿਰਫ਼ ਗੁਰਮਤਿ ਦੇ ਸਿਧਾਂਤਾਂ ਦੀ ਪਾਲਣਾ ਕਰਕੇ, ਭਾਵ:

**ਵਿਅਕਤੀਗਤ ਤੌਰ ਤੇ**: ਗੁਰੂ ਦੀ ਕਿਰਪਾ ਨਾਲ, ਮੈਂ ਵਿਕਾਰਾਂ ਨੂੰ ਸਮਝ ਕੇ, ਆਪਣੀ ਅੰਦਰੂਨੀ ਸਖਸ਼ੀਅਤ ਵਿੱਚ ਗੁਣਾਂ ਨੂੰ ਗ੍ਰਹਿਣ ਕਰਕੇ ਇੱਕ ਸਚਿਆਰ ਮਨੁੱਖ ਬਣਕੇ, ਅਨੰਦਮਈ ਜੀਵਨ ਜਿਉਣ ਦੀ ਕਲਾ ਸਿੱਖਦਿਆਂ, ਏਕੰਕਾਰੁ ਨਾਲ ਇਕਮਿੱਕ ਹੋਣਾ ਹੈ।

**ਸਮਾਜਿਕ ਤੌਰ ਤੇ**: ਜਨਮ ਤੋਂ ਹੀ ਬਰਾਬਰਤਾ ਅਤੇ ਸਮਾਜਿਕ ਆਜ਼ਾਦੀ ਲਈ ਕੰਮ ਕਰਨਾ ਹੈ, ਭਾਵ ਕੋਈ ਵੀ ਮਨੁੱਖ ਰੰਗ, ਨਸਲ, ਲਿੰਗ ਅਤੇ ਮਨੁੱਖ ਦੁਆਰਾ ਬਣਾਈਆਂ ਜਾਤਾਂ ਦੇ ਆਧਾਰ 'ਤੇ ਦੂਜੇ ਦਾ ਗੁਲਾਮ ਨਹੀਂ ਹੈ। ਇਸ ਤੋਂ ਇਲਾਵਾ ਗੁਰਮਤਿ ਦੁਆਰਾ ਚਿੱਤਵੇ ਅਜਿਹੇ ਸਮਾਜ ਦੀ ਸਿਰਜਣਾ ਲਈ ਸਖ਼ਤ ਯਤਨ ਕਰਨਾ ਜਿੱਥੇ ਨਿਆਂ, ਆਲਮੀ ਮਨੁੱਖੀ-ਭਾਈਚਾਰਾ, ਤੇ ਸਰਬੱਤ ਦਾ ਭਲਾ ਹੋਵੇ।

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

**ਮੈਗਜ਼ੀਨ ਦੀ ਨੀਤੀ:** ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰਨਿੱਜੀ ਲੇਖ/ ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ।

1. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜੁੰਮੇਵਾਰ ਨਹੀਂ ਹੈ, ਜੁੰਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ।
2. ਲਿਖਤ ਪੰਜਾਬੀ (ਅਨਮੋਲ ਲਿਪੀ), ਅੰਗਰੇਜ਼ੀ (ਟਾਈਮਜ਼ ਨਿਊ ਰੋਮਨ) ਵਰਡ-14 ਫੌਂਟ ਵਿਚ ਹੋਵੇ।
3. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਬਿਲਕੁਲ ਨਾ ਹੋਵੇ ਜੀ।
4. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
5. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ਈਮੇਲ, ਵੱਟਸਐਪ, ਸੰਖੇਪ ਜਾਣਕਾਰੀ ਦਿਓ।
6. ਲੇਖ ਦੀ ਕੁਲ ਲੰਬਾਈ ਲੈਪਟਾਪ ਦੇ ਦੋ ਪੰਨੇ-800 ਸ਼ਬਦ (ਫੋਟੋ ਸਮੇਤ) ਹੋਣ।
7. ਲੰਮੇ ਲੇਖ ਸਾਡੇ ਵੈੱਬਸਾਈਟ (***sanjhivirasat.org***) ਦੇ 'ਬਲ਼ੌਗ' ਤੇ ਜਾਂ ਲੜੀਵਾਰ ਛਾਪੇ ਜਾਣਗੇ।
8. ਲੇਖਕਾਂ/ ਕਵੀਆਂ ਦੀ ਜ਼ਿਮੇਵਾਰੀ ਹੋਵੇਗੀ ਕਿ '**Copyright Infringement**' ਨਹੀਂ ਹੋਣੀ ਚਾਹੀਦੀ।
9. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਅਤੇ ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾ ਦਿਓ।
10. ਗੁਰਬਾਣੀ ਲਈ ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਣਾ ਜ਼ਰੂਰੀ ਹੈ।

## Important Information for Authors

**Magazine Policy**: To Promote Punjabi Culture, History & Heritage, by Secular, Non-Political, Non-Personal Articles/Poems, after Review

1. **Editorial Board** will not be responsible for views of Authors /Poets.
2. **Font size 14**: Panjabi - Anmol Lipi Heavy; English -Times New Roman.
3. **Spacing, margin**: Line-to-line 1.0, One Inch Margins on all four sides.
4. **Format -WORD**: No PDF, Photocopy, Printscreen, Snip, Office-Lens.
5. **Author's Data**: Name, City (Country), Brief (own) Introduction.
6. **Author's Contact**: Phone, e-mail, or WhatsApp. (Photo is optional).
7. **Maximum Length**: Two pages (Including Photo) / 800 words.
8. **Longer Articles**: On blog Website ***(sanjhivirasat.org)*** / serialized.
9. **Copy -right (CR)**: Authors will certify there is No CR Infringement.
10. **References/Photo**: Source (Author, Title, Journal/Book, Year, Pages).

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## (ਸਵਰਗਵਾਸੀ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ – Emereitus ਸੰਸਥਾਪਕ ਸੰਪਾਦਕ)

| | |
|---|---|
| 1. ਡਾ. ਕਾਬਲ ਸਿੰਘ (ਮੁੱਖ ਸੰਪਾਦਕ) | ਐਡਮਿੰਟਨ (ਕੈਨੇਡਾ) |
| 2. ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 3. ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 4. ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 5. ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| 9. ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| 10. ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| 11. ਡਾ. ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| 12. ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਸਲਾਹਕਾਰ (ਸਾਂਝੀ ਵਿਰਾਸਤ)

| | |
|---|---|
| 1. ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| 5. ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| 6. ਸਰਦਾਰਨੀ ਅੰਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| 7. ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| 8. ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

# ਸੰਪਾਦਕੀ ਬੋਰਡ



ਪ੍ਰੋਫ਼ੈਸਰ (ਡਾ). ਸੁਰਜੀਤ ਸਿੰਘ ਭੱਟੀ
Founding/ਸੰਸਥਾਪਕ ਸੰਪਾਦਕ



ਡਾ. ਕਾਬਲ ਸਿੰਘ
ਮੁੱਖ ਸੰਪਦਕ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਰਾਜਬੀਰ ਸਿੰਘ ਭੱਟੀ



ਸ. ਜਗਬੀਰ ਸਿੰਘ ਕੋਹਲੀ



ਡਾ. ਰਾਜਾ ਬਲਰਾਜ ਸਿੰਘ



ਸ. ਜਸਵਿੰਦਰ ਸਿੰਘ ਰੁਪਾਲ



ਸ. ਪਰਮਜੀਤ ਸਿੰਘ



ਸ. ਉਂਕਾਰ ਸਿੰਘ ਟਿਵਾਣਾ



ਡਾ. ਬਲਦੇਵ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ. ਯੁਵਰਾਜ ਸਿੰਘ



ਸ. ਰਣਸ਼ੇਰ ਰਾਜ ਸਿੰਘ

# ਸ਼ਲਾਹਕਾਰ ਬੋਰਡ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



Ransher Raj Singh
(Technical Astt.)